ਪਉੜੀ ੧

ਪਹਿਲੀ ਪਉੜੀ[1] ਨਾਲ ੩ ਸਲੋਕ[2] ਦਰਜ ਹਨ। ਪਹਿਲੇ ਤੇ ਦੂਜੇ ਸਲੋਕ ਦੀਆਂ ੨-੨ ਅਤੇ ਤੀਜੇ ਸਲੋਕ ਦੀਆਂ ੪ ਤੁਕਾਂ ਹਨ। ਪਹਿਲੇ ਦੋ ਸਲੋਕਾਂ ਵਿਚ ਗੁਰੂ ਦਾ ਮੰਗਲ ਕਰਕੇ ਮਨੁਖਾ ਜੀਵਨ ਵਿਚ ਉਸ ਦੀ ਮਹੱਤਤਾ ਅਤੇ ਲੋੜ ਉਪਰ ਬਲ ਦਿਤਾ ਗਿਆ ਹੈ। ਤੀਜਾ ਸਲੋਕ ਦਰਸਾਉਂਦਾ ਹੈ ਕਿ ਗੁਰੂ (ਗੁਰ-ਸ਼ਬਦ) ਵਿਹੀਣ ਮਨੁਖ ਸੰਸਾਰਕ ਪਖੋਂ ਚੰਗੇ ਭਲੇ, ਸਿਆਣੇ ਅਤੇ ਸਫਲ ਨਜ਼ਰ ਆਉਣ ਦੇ ਬਾਵਜੂਦ, ਰੂਹਾਨੀਅਤ ਦੀ ਪੱਧਰ 'ਤੇ, ਨਿ-ਫਲ (ਗੁਣ-ਹੀਨ) ਹੀ ਰਹਿੰਦੇ ਹਨ। ਗੁਰ-ਸ਼ਬਦ ਨੂੰ ਧਾਰਨ ਕਰਨ ਤੋਂ ਬਗੈਰ ਮਨੁਖਾ ਜੀਵਨ ਪ੍ਰਕਾਸ਼ਮਾਨ ਅਤੇ ਸਫਲ ਨਹੀਂ ਹੋ ਸਕਦਾ। ਪਉੜੀ ਵਿਚ ਸੋਝੀ ਕਰਾਈ ਗਈ ਹੈ ਕਿ ਨਿਰੰਕਾਰ ਨੇ ਆਪ ਹੀ ਆਪਣੀ ਅਤੇ ਆਪਣੇ ਨਾਮ ਦੀ ਸਿਰਜਨਾ ਕੀਤੀ ਅਤੇ ਫਿਰ ਕੁਦਰਤ ਦੀ ਰਚਨਾ ਕਰਕੇ ਉਸ ਵਿਚ ਵਿਆਪਕ ਹੋ ਗਿਆ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਅਰਥ

[1]'ਪਉੜੀ' ਪੰਜਾਬੀ ਬੀਰ ਰਸੀ ਕਾਵਿ (ਵਾਰ) ਦਾ ਇਕ ਖਾਸ ਬਹਿਰ ਜਾਂ ਚਰਨ-ਪ੍ਰਬੰਧ ਹੈ। ਵਧੇਰੇ ਜਾਣਕਾਰੀ ਲਈ ਵੇਖੋ 'ਆਸਾ ਕੀ ਵਾਰ: 'ਜਾਣ ਪਛਾਣ'।

[2]'ਸਲੋਕ' ਇਕ ਕਾਵਿ ਰੂਪਾਕਾਰ ਹੈ, ਜਿਸ ਦਾ ਸ਼ਾਬਦਕ ਅਰਥ ਹੈ 'ਉਸਤਤਿ'। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਧੇਰੇ ਸਲੋਕ ਬੇਸ਼ਕ ਦੋ ਤੁਕੇ ਹਨ, ਪਰ ੧ ਤੋਂ ਲੈ ਕੇ ੨੬ ਤੁਕਾਂ ਵਾਲੇ ਸਲੋਕ ਵੀ ਮਿਲਦੇ ਹਨ। ਵਧੇਰੇ ਜਾਣਕਾਰੀ ਲਈ ਵੇਖੋ 'ਆਸਾ ਕੀ ਵਾਰ: ਜਾਣ ਪਛਾਣ'।

ਇਕ ਸਿਰਜਨਾਤਮਕ ਤੇ ਵਿਆਪਕ ਬ੍ਰਹਮ।[3] ਸਦਾ-ਥਿਰ ਨਾਮ।[4] ਸਿਰਜਣਹਾਰ-ਪੁਰਖ। ਡਰ-ਰਹਿਤ। ਵੈਰ-ਰਹਿਤ। ਸਮੇਂ ਤੋਂ ਨਿਰਲੇਪ ਹਸਤੀ। ਅਜਨਮਾ। ਸੁਤੇ-ਪ੍ਰਕਾਸ਼। (ਗਿਆਨ/ਪ੍ਰਾਪਤੀ) ਗੁਰੂ ਦੇ ਪ੍ਰਸਾਦ/ਕਿਰਪਾ ਦੁਆਰਾ।

---

[3] ਇਸ ਦਾ ਉਚਾਰਣ 'ਇਕ ਓਅੰਕਾਰ' ਹੈ। ੧ ਦਾ ਅਰਥ ਹੈ ਇਕ, ਅਦੁੱਤੀ ਅਤੇ ਓਅੰਕਾਰ ਇਕ ਰਚਨਾਤਮਕ ਅਤੇ ਵਿਆਪਕ ਸੱਤਾ ਦਾ ਲਖਾਇਕ ਹੈ ਜੋ ਸਰਬ-ਵਿਆਪਕ, ਨਿਰੰਤਰ, ਹਰ ਚੀਜ ਦਾ ਸ੍ਰੋਤ ਅਤੇ ਮੂਲ ਚੇਤਨ ਸੱਤਾ ਹੈ। ਓਅੰਕਾਰ ਨੂੰ ਇਕ ਸ਼ਬਦ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਦੀ ਸੰਖੇਪ ਵਿਆਖਿਆ ਹੇਠਾਂ ਦਿਤੀ ਜਾ ਰਹੀ ਹੈ:

"'ਬ੍ਰਹਮ' ਅਥਵਾ 'ਮੂਲ-ਚੇਤਨ-ਸੱਤਾ' ਦੇ ਦੋ ਸਰੂਪ ਮੰਨੇ ਗਏ ਹਨ: 'ਨਿਰਗੁਣ ਅਤੇ ਸਰਗੁਣ'। ਇਹ ਦੋਵੇਂ ਸਰੂਪ ਪਰਸਪਰ ਵਿਰੋਧੀ ਨਹੀਂ, ਸਗੋਂ ਇਕ ਹੀ ਹਸਤੀ ਦੇ ਦੋ ਵਿਭਿੰਨ ਪੱਖਾਂ ਦੇ ਸੂਚਕ ਹਨ।

ਗੁਰੂ ਗ੍ਰੰਥ ਸਾਹਿਬ ਅਧਿਐਨ ਤੋਂ ਸੋਝੀ ਹੁੰਦੀ ਹੈ ਕਿ 'ਨਿਰਗੁਣ ਨਿਰੰਕਾਰ' ਨੇ ਸ੍ਵੈ-ਇੱਛਾ ਅਧੀਨ ਆਪਣੇ ਆਪ ਤੋਂ ਹੀ ਆਪਣੇ ਜੋਤਿ-ਸਰੂਪ ਦੀ ਸਿਰਜਨਾ ਕੀਤੀ, ਆਪਣੇ ਨਾਮ ਦੀ ਰਚਨਾ ਕੀਤੀ ਅਤੇ ਫਿਰ ਕੁਦਰਤਿ ਦੀ ਰਚਨਾ ਕਰ ਕੇ ਉਸ ਅੰਦਰ ਅਦ੍ਰਿਸ਼ਟ ਰੂਪ ਵਿਚ ਆਸਣ ਜਮਾਅ ਲਿਆ: ਆਪੀਨੈ੍ ਆਪੁ ਸਾਜਿਓ, ਆਪੀਨੈ੍ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ॥ -ਗੁਰੂ ਗ੍ਰੰਥ ਸਾਹਿਬ ੪੬੩

ਬ੍ਰਹਮ ਦੇ ਗੁਪਤੋਂ ਪਰਗਟ ਹੋਣ ਅਤੇ ਫਿਰ ਇਕ ਤੋਂ ਅਨੇਕ ਹੋਣ ਦੀ ਗੁਹਜ ਗਾਥਾ ਨੂੰ ਗੁਰਮਤਿ ਦੇ ਲਾਸਾਨੀ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਵੀ ਬਾਖੂਬੀ ਵਰਣਨ ਕੀਤਾ ਹੈ: ਨਿਰੰਕਾਰੁ ਆਕਾਰੁ ਹੋਇ, ਏਕੰਕਾਰ ਅਪਾਰੁ ਸਦਾਇਆ॥ ਏਕੰਕਾਰਹੁ ਸਬਦ ਧੁਨਿ, ਓਅੰਕਾਰਿ ਅਕਾਰੁ ਬਣਾਇਆ॥ -ਭਾਈ ਗੁਰਦਾਸ ਜੀ, ਵਾਰ ੨੬ ਪਉੜੀ ੨

ਇਸ ਵਿਆਖਿਆ ਅਨੁਸਾਰ ਮੂਲ-ਚੇਤਨ-ਸੱਤਾ ਅਥਵਾ ਬ੍ਰਹਮ ਦੀ ਹੋਂਦ-ਹਸਤੀ ਦੇ ਤਿੰਨਾਂ ਪੱਖਾਂ ਬਾਰੇ ਟੋਹ ਮਿਲਦੀ ਹੈ:
ਨਿਰੰਕਾਰ (ਨਿਰੰ+ਅਕਾਰ) - ਅਕਾਰ-ਰਹਿਤ ਨਿਰਗੁਣ ਬ੍ਰਹਮ।
ਏਕੰਕਾਰ (ਏਕੰ+ਅਕਾਰ) - ਇਕ ਜੋਤਿ-ਸਰੂਪੀ ਅਕਾਰ ਵਾਲਾ ਬ੍ਰਹਮ।
ਓਅੰਕਾਰ (ਓਅੰ+ਅਕਾਰ) - ਸਿਰਜਨਾਤਮਕ ਅਤੇ ਵਿਆਪਕ-ਸੱਤਾ-ਸੰਪੰਨ ਬ੍ਰਹਮ।

ਇਸ ਤਰ੍ਹਾਂ, ਜੁੜਤ-ਸ਼ਬਦ 'ਓਅੰਕਾਰ', 'ਓਅੰ' ਅਤੇ 'ਅਕਾਰ' ਦੋ ਸ਼ਬਦਾਂ ਦਾ ਸੰਧੀ-ਰੂਪ ਹੈ। ਇਸ ਦਾ ਅਰਥ-ਘੇਰਾ ਬਹੁਤ ਵਿਸ਼ਾਲ ਹੈ। ਮਹਾਨ ਕੋਸ਼ ਵਿਚ 'ਓਅੰ/ਓਅੰਕਾਰ' ਦੇ ਹੇਠ ਲਿਖੇ ਅਰਥ ਕੀਤੇ ਮਿਲਦੇ ਹਨ:
੧. ਰਖਿਆ ਕਰਨਾ, ਬਚਾਉਣਾ, ਤ੍ਰਿਪਤ ਹੋਣਾ, ਫੈਲਣਾ, ਆਦਿ।
੨. ਓਅੰ ਧੁਨੀ ਦਾ ਉਚਾਰਣ।
੩. ਕਰਤਾਰ ਦਾ ਬੋਧਕ। (ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੭੪, ਪੰਨਾ ੨੧)

ਗੁਰੂ ਗ੍ਰੰਥ ਸਾਹਿਬ ਵਿਚੋਂ ਸਾਰੀ ਉਤਪਤੀ ਦਾ, ਓਅੰਕਾਰ ਦੁਆਰਾ ਹੋਂਦ ਵਿਚ ਆਉਣਾ ਵਿਦਤ ਹੁੰਦਾ ਹੈ: ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰਿ ਕੀਆ ਜਿਨਿ ਚਿਤਿ॥ ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥੧॥ -ਗੁਰੂ ਗ੍ਰੰਥ ਸਾਹਿਬ ੯੨੯-੩੦

ਬਚਿਤ੍ਰ ਨਾਟਕ ਵਿਚੋਂ ਵੀ 'ਓਅੰਕਾਰ' ਤੋਂ ਸ੍ਰਿਸ਼ਟੀ ਦੀ ਰਚਨਾ ਹੋਣ ਬਾਰੇ ਅਥਵਾ ਓਅੰਕਾਰ ਦੀ ਸਿਰਜਨਾਤਮਕ ਅਤੇ ਵਿਆਪਕ-ਸੱਤਾ ਬਾਰੇ ਸੰਕੇਤ ਮਿਲਦਾ ਹੈ: ਪ੍ਰਿਥਮ ਕਾਲ ਜਬ ਕਰਾ ਪਸਾਰਾ॥ ਓਅੰਕਾਰ ਤੇ ਸ੍ਰਿਸਟਿ ਉਪਾਰਾ॥੧੦॥ -ਬਚਿਤ੍ਰ ਨਾਟਕ, ਧਿਆਇ ੨

ਸਨਾਤਨੀ ਵਿਦਵਾਨ 'ਓਅੰ' ਸ਼ਬਦ ਦੇ ਤਿੰਨਾਂ ਅੱਖਰਾਂ (ੳ, ਅ, ਮ) ਨੂੰ ਬ੍ਰਹਮਾ, ਬਿਸ਼ਨ, ਮਹੇਸ਼ ਦਾ ਲਖਾਇਕ ਮੰਨਦੇ ਹਨ, ਪਰ ਗੁਰਮਤਿ ਦ੍ਰਿਸ਼ਟੀਕੋਣ ਤੋਂ ਜਗਤ ਦਾ ਰਚਨਹਾਰ, ਪਾਲਨਹਾਰ ਅਤੇ ਸੰਘਾਰ-ਕਰਤਾ ਇਕ ਤੇ ਕੇਵਲ ਇਕ ਪਾਰਬ੍ਰਹਮ ਹੀ ਹੈ। ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਦੇਵਤੇ ਉਸ ਕਰਤਾਰ ਦੇ ਹੀ ਪੈਦਾ ਕੀਤੇ ਹੋਏ ਹਨ ਅਤੇ ਇਹ ਸਾਰੇ ਉਸ ਦੇ ਹੁਕਮ ਅਧੀਨ ਹੀ ਕਾਰ ਕਰਦੇ ਹਨ: ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ॥੧੨॥੯॥ -ਗੁਰੂ ਗ੍ਰੰਥ ਸਾਹਿਬ ੯੦੮; ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ॥੧੪॥ -ਗੁਰੂ ਗ੍ਰੰਥ ਸਾਹਿਬ ੧੦੩੬; ਕੋਟਿ ਬਿਸਨ ਕੀਨੇ ਅਵਤਾਰ॥...ਕੋਟਿ ਮਹੇਸ ਉਪਾਇ ਸਮਾਏ। ਕੋਟਿ ਬ੍ਰਹਮੇ ਜਗੁ ਸਾਜਣ ਲਾਏ॥੧॥ -ਗੁਰੂ ਗ੍ਰੰਥ ਸਾਹਿਬ ੧੧੫੬

ਸੋ '੧ੴ' ਦੀ ਸੰਖੇਪ ਰੂਪ ਵਿਚ ਵਿਆਖਿਆ ਹੈ ਕਿ 'ਸਿਰਜਨਾਤਮਕ ਅਤੇ ਵਿਆਪਕ-ਸੱਤਾ-ਸੰਪੰਨ ਬ੍ਰਹਮ ਇਕ ਤੇ ਕੇਵਲ ਇਕ (ਅੱਦੁਤੀ) ਹੈ।" -ਭਾਈ ਜੋਗਿੰਦਰ ਸਿੰਘ ਤਲਵਾੜਾ, ਨਿਤਨੇਮ ਸਰਲ ਵੀਚਾਰ-ਧਾਰਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੫, ਪੰਨਾ ੨੧ ਤੋਂ ਅਨੁਕੂਲਿਆ।

ਸਨਾਤਨ ਮਤ ਵਿਚ ਬ੍ਰਹਿਮੰਡ ਵਿਗਿਆਨ ਤਿੰਨ ਦੈਵੀ ਤੱਤ ਪੇਸ਼ ਕਰਦਾ ਹੈ ਜੋ ਸਿਰਜਣਹਾਰ, ਪਾਲਣਹਾਰ ਅਤੇ ਵਿਨਾਸ਼ਕਾਰੀ ਤੱਤਾਂ ਵਜੋਂ ਵਖਰੇ ਵਖਰੇ ਤੌਰ 'ਤੇ ਕੰਮ ਕਰਦੇ ਹਨ। ਇਕ ਓਅੰਕਾਰ ਵਿਚ ਇਹ ਸਾਰੇ ਤੱਤ (ੳ, ਅ, ਮ) ਅਤੇ ਹੋਰ ਬਹੁਤ ਸਾਰੇ ਦੈਵੀ ਗੁਣ ਅਤੇ ਤੱਤ, ਨਿਰੰਤਰ ਅਤੇ ਸਦੀਵੀ ਤੌਰ 'ਤੇ, ਬਿਨਾਂ ਕਿਸੇ ਨੁਮਾਇੰਦੇ ਦੇ ਸਮਾਏ ਹੋਏ ਹਨ। ਸਭਿਆਚਾਰਕ ਅਤੇ ਧਾਰਮਕ ਪ੍ਰਸੰਗਾਂ ਦੇ ਮੱਦੇਨਜ਼ਰ ਇਹ ਇਕ ਮਹੱਤਵਪੂਰਣ ਅੰਤਰ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ੧-ਓਅੰਕਾਰ ਰਾਹੀਂ ਇਕ ਬ੍ਰਹਿਮੰਡੀ ਘੋਸ਼ਣਾ ਵਜੋਂ ਪ੍ਰਗਟ ਕੀਤਾ ਹੈ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ੧ੴ ਸਿਖੀ ਦਾ ਇਕ ਸਿਧਾਂਤਕ ਸ਼ਬਦ ਚਿੰਨ੍ਹ ਅਥਵਾ ਦੈਵੀ ਪ੍ਰਤੀਕ ਹੈ। ਇਹ ਜਦੋਂ 'ਸਤਿਗੁਰ ਪ੍ਰਸਾਦਿ' ਨਾਲ ਆਉਂਦਾ ਹੈ, ਤਾਂ '੧ੴ ਸਤਿਗੁਰ ਪ੍ਰਸਾਦਿ' ਸਮੁੱਚੇ ਮੰਗਲਾਚਰਣ (ਮੂਲ ਮੰਤ੍ਰ) ਦਾ ਸੰਖੇਪ ਬਣ ਜਾਂਦਾ ਹੈ। ਹੋਰ ਸਾਰੀ ਬਾਣੀ ਵਾਂਗ ਇਹ ਗੁਰੂ ਨਾਨਕ ਸਾਹਿਬ ਦੇ ਨਿਜੀ ਅਧਿਆਤਮਕ ਅਨੁਭਵ ਦੀ ਅਭਿਵਿਅਕਤੀ ਹੈ, ਧੁਰੋਂ ਆਇਆ ਅਗੰਮੀ ਬੋਲ ਹੈ।

[4] 'ਨਾਮ' ਗੁਰੂ ਗ੍ਰੰਥ ਸਾਹਿਬ ਵਿਚ ਵਰਤਿਆ ਗਿਆ ਇਕ ਪ੍ਰਮੁੱਖ ਸ਼ਬਦ ਅਤੇ ਕੇਂਦਰੀ ਸਿਧਾਂਤ ਹੈ। ਪ੍ਰੋਫ਼ੈਸਰ ਪੂਰਨ ਸਿੰਘ ਦੇ ਸ਼ਬਦਾਂ ਵਿਚ, "ਨਾਮ ਇਕ ਕਾਵਿਕ ਪ੍ਰਤਿਭਾ ਦਾ ਅਲੌਕਿਕ ਤੌਰ 'ਤੇ ਲੌਕਿਕ ਕਾਰਜ ਹੈ, ਜੋ ਸਰੀਰ ਵਿਚ ਹੋਣ ਦੇ ਬਾਵਜੂਦ, ਦਿਨ-ਰਾਤ, ਹਰ ਸਮੇਂ, ਅਜ਼ਾਦੀ ਦੇ ਉਚੇਰੇ ਆਤਮਕ-ਸੰਸਾਰ ਦੇ ਪ੍ਰਭਾਵ ਹੇਠ ਹੁੰਦਾ ਹੈ।...ਇਹ ਸੰਸਾਰਕ ਜੀਵਨ ਦੀਆਂ ਕਠਨ ਹਾਲਤਾਂ ਵਿਚ, ਧਰਤੀ ਦੀ ਪਪੜੀ ਹੇਠੋਂ ਇਕੋ ਇਕ ਤੇ ਅਦਿੱਖ ਆਤਮਾ ਦੀ ਅਗਵਾਈ ਹੇਠ ਫੁੱਟੇ ਪ੍ਰੇਮ ਦੀ ਸ਼ੁੱਧ ਵਿਸ਼ਾ-ਵਸਤੂ ਹੈ।" -ਪੂਰਨ ਸਿੰਘ, ਸਪਿਰਿਟ ਆਫ਼ ਦਿ ਸਿਖ, ਭਾਗ ੨, ਜਿਲਦ ੨, ਪੰਨਾ ੩੬

ਆਮ ਤੌਰ ਤੇ, 'ਨਾਮ' ਨੂੰ ਇਕ ਸ਼ਬਦ ਮਾਤਰ ਵਜੋਂ ਸਮਝ ਲਿਆ ਜਾਂਦਾ ਹੈ ਜਿਸ ਨੂੰ ਸਾਧਕ ਨੇ ਜ਼ੁਬਾਨ ਦੁਆਰਾ ਦੁਹਰਾਉਣਾ ਤੇ ਉਸ ਉਪਰ ਆਪਣਾ ਧਿਆਨ ਕੇਂਦਰਤ ਕਰਨਾ ਹੁੰਦਾ ਹੈ। ਸ਼ਾਬਦਕ ਤੌਰ 'ਤੇ ਭਾਵੇਂ 'ਨਾਮ' ਦਾ ਅਰਥ ਨਾਂ ਜਾਂ ਪਛਾਣ ਚਿੰਨ ਹੈ, ਪਰ ਇਹ ਪਰਮਾਤਮਾ ਦੇ ਕੇਵਲ ਇਕ ਨਾਂ ਨਾਲੋਂ ਕਿਸੇ ਡੂੰਘੇ ਅਤੇ ਸੂਖਮ ਤੱਤ ਵੱਲ ਇਸ਼ਾਰਾ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਲਈ ਭਾਵੇਂ ਕਈ ਨਾਂ ਜਾਂ ਸ਼ਬਦ (ਜਿਵੇਂ ਰਾਮ, ਹਰੀ, ਗੋਬਿੰਦ ਆਦਿ) ਵਰਤੇ ਗਏ ਹਨ, ਪਰ ਉਨ੍ਹਾਂ ਨਾਵਾਂ ਜਾਂ ਸ਼ਬਦਾਂ ਦੀ ਥਾਂ 'ਨਾਮ' ਸ਼ਬਦ ਵੀ ਵਰਤਿਆ ਹੈ। ਇਸ ਲਈ, ਹੋਰਨਾਂ ਸੰਕੇਤਕ ਸ਼ਬਦਾਂ ਵਿਚ 'ਨਾਮ' ਵੀ ਪਰਮਾਤਮਾ ਦੇ ਇਕ ਸਮਾਨਰਥੀ ਵਜੋਂ ਆਉਂਦਾ ਹੈ।

ਇਸ ਦ੍ਰਿਸ਼ਟੀਕੋਣ ਤੋਂ, ਸਿਖੀ ਦੇ ਕੇਂਦਰੀ ਸਿਧਾਂਤ ਦੇ ਤੌਰ 'ਤੇ, ਜਿਸ ਦੇ ਆਲੇ ਦੁਆਲੇ ਸਾਰੀ ਸਿਖ ਵਿਸ਼ਵ-ਦ੍ਰਿਸ਼ਟੀ ਘੁੰਮਦੀ ਤੇ ਵਿਗਸਦੀ ਹੈ, 'ਨਾਮ', ਕਰਤਾ ਪੁਰਖ ਦਾ ਇਕ ਸੰਕੇਤਕ ਜਾਂ ਪਛਾਣ ਚਿੰਨ੍ਹ ਹੋਣ ਦੇ ਨਾਲ-ਨਾਲ, ਉਸ ਦਾ ਸਿਰਜਣਾਤਮਕ ਪਹਿਲੂ ਵੀ ਹੈ। ਇਹ ਉਸ ਦੈਵੀ ਤਾਕਤ, ਚੇਤਨਾ ਜਾਂ ਤੱਤ ਵੱਲ ਸੰਕੇਤ ਕਰਦਾ ਹੈ, ਜੋ ਬ੍ਰਹਿਮੰਡ ਵਿਚ ਹਰ ਇਕ ਚੀਜ ਨੂੰ ਪੈਦਾ ਕਰਦਾ, ਉਸ ਵਿਚ ਵੱਸਦਾ, ਉਸ ਦੀ ਦੇਖਭਾਲ ਕਰਦਾ ਅਤੇ ਉਸ ਨੂੰ ਕਾਇਮ ਰਖਦਾ ਹੈ: ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ -ਗੁਰੂ ਗ੍ਰੰਥ ਸਾਹਿਬ ੨੮੪

ਸਿਰਜਨਾਤਮਕ ਤੇ ਵਿਆਪਕ-ਸੱਤਾ-ਸੰਪੰਨ ਓਅੰਕਾਰ ਬ੍ਰਹਮ ਕੇਵਲ ਇਕ, ਭਾਵ ਅਦੁਤੀ ਹੈ। ਸਤਿ-ਸਰੂਪ ਓਅੰਕਾਰ ਬ੍ਰਹਮ ਦਾ ਨਾਮ ਵੀ ਸਤਿ-ਸਰੂਪ (ਸਦੀਵੀ ਹੋਂਦ ਵਾਲਾ) ਹੈ।[5] ਉਹ ਓਅੰਕਾਰ ਬ੍ਰਹਮ ਸਾਰੀ ਸੂਖਮ ਤੇ ਸਥੂਲ ਰਚਨਾ ਦਾ ਸਿਰਜਣਹਾਰ ਅਤੇ ਉਸ ਵਿਚ ਸਮਾਇਆ ਹੋਇਆ (ਲਿੰਗ-ਨਿਰਪੇਖ)[6] ਹੈ। ਉਹ ਡਰ ਤੋਂ ਰਹਿਤ ਹੈ ਕਿਉਂਕਿ ਉਸ ਬਰਾਬਰ ਕੋਈ ਹੋਰ ਹੈ ਹੀ ਨਹੀਂ।[7] ਉਹ ਵੈਰ-ਭਾਵ ਤੋਂ ਰਹਿਤ ਹੈ ਕਿਉਂਕਿ ਉਸ ਤੋਂ ਵਖਰਾ ਕੋਈ ਹੈ ਹੀ ਨਹੀਂ। ਉਸ ਦੀ ਹੋਂਦ-ਹਸਤੀ (ਮੂਰਤਿ) ਸਮੇਂ ਦੇ ਪ੍ਰਭਾਵ ਤੋਂ ਮੁਕਤ ਹੈ। ਉਹ ਜੂਨ-ਜਨਮ ਤੋਂ ਰਹਿਤ (ਅਜਨਮਾ) ਹੈ। ਉਹ ਆਪਣੇ ਆਪ ਤੋਂ ਹੋਂਦ ਵਿਚ ਆਇਆ ਹੋਇਆ ਹੈ; ਕਿਸੇ ਹੋਰ ਸਰੋਤ 'ਤੇ ਨਿਰਭਰ ਨਹੀਂ ਹੈ। ਉਸ ਦਾ ਗਿਆਨ ਅਥਵਾ ਪ੍ਰਾਪਤੀ ਗੁਰੂ ਦੇ ਪ੍ਰਸਾਦ (ਕਿਰਪਾ) ਸਦਕਾ ਹੀ ਸੰਭਵ ਹੈ।[8]

ਪਦ ਅਰਥ

੧[9] = ਇਕ; ਕੇਵਲ ਇਕ, ਅਦੁੱਤੀ।

ਵਿਸ਼ੇਸ਼ਣ (ੳ ਦਾ), ਕਰਤਾ ਕਾਰਕ; ਪੁਲਿੰਗ, ਇਕਵਚਨ।

ਭਾਰਤੀ ਪਰੰਪਰਾਵਾਂ (ਬੁੱਧ ਅਤੇ ਹਿੰਦੂ ਧਰਮ) ਵਿਚ 'ਰੂਪ' (ਜੋ ਸਰੀਰਕ ਹੋਂਦ-ਹਸਤੀ ਦਾ ਲਖਾਇਕ ਹੈ) ਦੇ ਉਲਟ 'ਨਾਮ' ਸ਼ਬਦ ਦੀ ਵਰਤੋਂ ਕਿਸੇ ਵਸਤੂ ਜਾਂ ਵਿਅਕਤੀ ਦੇ ਰੂਹਾਨੀ ਜਾਂ ਜ਼ਰੂਰੀ ਗੁਣਾਂ ਦਾ ਵਰਣਨ ਕਰਨ ਲਈ ਕੀਤੀ ਜਾਂਦੀ ਹੈ।

ਇਸ ਪ੍ਰਕਾਰ, ਨਾਮ ਇਕ ਨੇਮ ਜਾਂ ਸਿਧਾਂਤ ਵੀ ਹੈ ਜੋ ਸਾਰੇ ਸੰਸਾਰ ਨੂੰ ਚਲਾਉਂਦਾ ਅਤੇ ਪਰਮਾਤਮਾ ਦੇ ਸਾਰੇ ਗੁਣਾਂ ਤੇ ਵਡਿਆਈਆਂ ਦਾ ਜੋੜ-ਨਿਚੋੜ ਹੈ।

[5] ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥ -ਗੁਰੂ ਗ੍ਰੰਥ ਸਾਹਿਬ ੧੦੮੩

[6] ਸ਼ਬਦ 'ਪੁਰਖ/ਪੁਰਸ਼' ਨੂੰ ਨਿਰੁਕਤੀ ਅਤੇ ਮੂਲ ਅਰਥਾਂ (**ਪੁਰਿ ਦੇਹੇ ਸ਼ੇਤੇ ਇਤਿ ਪੁਰੁਸ਼ਹ-**ਉਹ ਜੋ ਸਰੀਰ-ਨਗਰ ਵਿਚ ਨਿਵਾਸ ਕਰਦਾ ਹੈ, ਉਹ ਵਿਅਕਤੀਗਤ ਅਤੇ ਸਰਬ ਵਿਆਪਕ 'ਪੁਰਖ/ਪੁਰਸ਼' ਹੈ) ਅਨੁਸਾਰ ਅਕਾਰ ਰਹਿਤ, ਸਰਬ ਵਿਆਪਕ ਅਤੇ ਲਿੰਗ-ਨਿਰਪੇਖ ਕਿਹਾ ਜਾ ਸਕਦਾ ਹੈ। ਇਸ ਲਈ, 'ਲਿੰਗ-ਨਿਰਪੇਖ' ਇਥੇ ਵਿਆਖਿਆ ਲਈ ਹੈ। ਇਹ ਤਾਂ ਸਪੱਸ਼ਟ ਹੈ ਕਿ ੧ਓ ਸਰਬ-ਵਿਆਪਕ ਅਤੇ ਲਿੰਗ-ਨਿਰਪੇਖ ਹੈ, ਪਰ ਪ੍ਰਚਲਤ ਧਾਰਮਕ ਮੁਹਾਵਰੇ ਵਿਚ ਪਾਰਬ੍ਰਹਮ ਪਰਮੇਸ਼ਰ ਨੂੰ ਲਗਭਗ ਹਮੇਸ਼ਾ ਇਕ ਪੁਰਸ਼/ਮਰਦ (ਪੁਲਿੰਗ) ਵਜੋਂ ਮੁਖਾਤਬ ਹੋਇਆ ਜਾਂਦਾ ਹੈ। ਇਹ ਗੱਲ ਪ੍ਰਚਲਤ ਸਿਖ ਧਾਰਣਾ ਲਈ ਵੀ ਸੱਚ ਹੈ, ਜਿਥੇ (ਚੇਤ ਜਾਂ ਅਚੇਤ ਰੂਪ ਵਿਚ) ਪਰਮੇਸ਼ਰ ਨੂੰ ਪੁਲਿੰਗ ਰੂਪ ਵਿਚ ਹੀ ਵੇਖਿਆ ਜਾਂਦਾ ਹੈ।

[7] ਨਿਰਭਉ ਸੋ ਸਿਰਿ ਨਾਹੀ ਲੇਖਾ॥ -ਗੁਰੂ ਗ੍ਰੰਥ ਸਾਹਿਬ ੧੦੪੨

[8] ਇਥੇ, '੧ਓ' ਤੋਂ 'ਅਜੂਨੀ ਸੈਭੰ' ਤਕ, ਪਾਰਬ੍ਰਹਮ ਦੇ ਸਰਗੁਣ ਸਰੂਪ ਦਾ ਵਰਣਨ ਹੈ। ਉਸ ਦੇ ਗੁਣਾਂ ਅਤੇ ਕਰਮਾਂ ਦੇ ਅਧਾਰ 'ਤੇ ਉਸ ਦਾ ਸ਼ਬਦੀ ਚਿੱਤਰ ਖਿੱਚ ਕੇ, ਅੰਤਲੇ ਸ਼ਬਦ ਜੁਟ (ਗੁਰ ਪ੍ਰਸਾਦਿ) ਵਿਚ ਉਸ ਦੇ ਗਿਆਨ ਅਥਵਾ ਮਿਲਾਪ ਦਾ ਰਹੱਸ ਬਿਆਨ ਕੀਤਾ ਹੈ।

[9] ਇਸ ਦਾ ਉਚਾਰਣ 'ਇਕ' ਹੈ। '੧' ਭਾਵੇਂ ਗਣਿਤ ਦਾ ਮੁੱਢਲਾ ਅੰਕ ਹੋਣ ਕਾਰਣ ਸੰਖਿਆ ਵਾਚਕ ਵਿਸ਼ੇਸ਼ਣ ਹੈ, ਪਰ ਇਥੇ ਇਹ 'ਏਕੰਕਾਰ' ਅਥਵਾ 'ਮੂਲ ਚੇਤਨ ਸੱਤਾ' ਦੀ ਅਦਵੈਤਤਾ ਤੇ ਉਸ ਦੀ ਅਦੁੱਤੀ ਦਿੱਬ-ਸਰੂਪਤਾ ਦਾ ਲਖਾਇਕ ਹੈ। ਇਹ '੧' ਇਸ ਗੱਲ ਦਾ ਸੰਕੇਤ ਹੈ ਕਿ ਓਅੰਕਾਰ ਬ੍ਰਹਮ ਅਦੁੱਤੀ ਹੈ; ਭਾਵ, ਉਸ ਵਰਗਾ ਕੋਈ ਨਹੀਂ ਅਤੇ ਉਸ ਤੋਂ ਬਾਹਰਾ ਵੀ ਕੋਈ ਨਹੀਂ ਹੈ: ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥੪॥੩੯॥੪੬॥ -ਗੁਰੂ ਗ੍ਰੰਥ ਸਾਹਿਬ ੧੦੮

ਗੁਰੂ ਗ੍ਰੰਥ ਸਾਹਿਬ/ਗੁਜਰਾਤੀ/ਮਰਾਠੀ - ੧; ਉੜੀਆ - ୮; ਸ਼ਾਰਦਾ - ?; ਖਰੋਸ਼ਟੀ - I/੧; ਬ੍ਰਹਮੀ - ੧/— (ਇਕ ਬ੍ਰਹਮੀ[10] ਅੰਕ, ਗਿਨਤੀ ਵਾਚਕ ਇਕ)।

ੳ = ਓਅੰਕਾਰ, ਸਰਗੁਣ ਬ੍ਰਹਮ, ਸਿਰਜਨਾਤਮਕ ਅਤੇ ਵਿਆਪਕ-ਸੱਤਾ-ਸੰਪੰਨ ਬ੍ਰਹਮ; ਮੂਲ ਚੇਤਨ ਸੱਤਾ।

ਨਾਂਵ, ਕਰਤਾ ਕਾਰਕ; ਪੁਲਿੰਗ, ਇਕਵਚਨ।

ਗੁਰੂ ਗ੍ਰੰਥ ਸਾਹਿਬ - ਓਅੰ (ਸਿਰਜਨਾਤਮਕ ਤੇ ਵਿਆਪਕ-ਸੱਤਾ-ਸੰਪੰਨ ਬ੍ਰਹਮ) + ਅਪਭ੍ਰੰਸ਼ - ਆਕਾਰ (ਰੂਪ, ਅਕਾਰ); ਸੰਸਕ੍ਰਿਤ - ਆਕਾਰ (आकार - ਅਕਾਰ, ਦਿੱਖ); ਬ੍ਰਜ - ਓਂਕਾਰ (ਪ੍ਰਣਵ ਮੰਤਰ); ਸੰਸਕ੍ਰਿਤ - ਓਙ੍ਕਾਰਹ/ਓਙ੍ਕਾਰ (ओङ्कार:/ओङ्कार - ਪਵਿੱਤਰ ਧੁਨੀ; ਪਵਿੱਤਰ ਸ਼ਬਦ ਜਿਹੜਾ ਵੇਦ ਪਾਠ ਤੋਂ ਪਹਿਲਾਂ ਅਤੇ ਅਖੀਰ ਵਿਚ ਉਚਾਰਿਆ ਜਾਂਦਾ ਹੈ)।

ਸਤਿ = ਸਤਿ-ਸਰੂਪ; ਸਦੀਵੀ ਹੋਂਦ ਵਾਲਾ।

ਵਿਸ਼ੇਸ਼ਣ (ਨਾਮੁ ਦਾ), ਕਰਤਾ ਕਾਰਕ; ਪੁਲਿੰਗ, ਇਕਵਚਨ।

ਪੁਰਾਤਨ ਪੰਜਾਬੀ/ਬ੍ਰਜ - ਸਤਿ; ਪ੍ਰਾਕ੍ਰਿਤ - ਸੱਤ (ਸੱਚ, ਯਥਾਰਥ); ਸੰਸਕ੍ਰਿਤ - ਸਤਯ੍ (सत्य् - ਸੱਚ)।[11]

ਨਾਮੁ = ਨਾਮ; ਓਅੰਕਾਰ ਦਾ ਨਾਮ।

ਨਾਂਵ, ਕਰਤਾ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ਼ - ਨਾਮੁ; ਪ੍ਰਾਕ੍ਰਿਤ - ਣਾਮ; ਸੰਸਕ੍ਰਿਤ - ਨਾਮਨ੍ (नामन् - ਨਾਮ, ਕਿਸੇ ਵਸਤੂ, ਵਿਅਕਤੀ ਜਾਂ ਸਮੂਹ ਆਦਿ ਦਾ ਬੋਧਕ ਸ਼ਬਦ)।[12]

ਕਰਤਾ = ਕਰਣਹਾਰ, ਸਿਰਜਣਹਾਰ/ਰਚਣਹਾਰ।

ਵਿਸ਼ੇਸ਼ਣ (ੳ ਦਾ), ਕਰਤਾ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ਼ - ਕਰਤਾ; ਸੰਸਕ੍ਰਿਤ - ਕਰ੍ਤਾ[13] (कर्ता - ਕਰਨ ਵਾਲਾ)।

ਪੁਰਖੁ = ਪੁਰਖ; ਵਿਆਪਕ, ਸਮਾਇਆ ਹੋਇਆ।[14]

---

[10] ਪ੍ਰਾਚੀਨ ਭਾਰਤ ਦੀ ਇਕ ਸੰਖਿਆ ਪ੍ਰਣਾਲੀ, ਜਿਥੇ ੧ ਇਕ ਸਧਾਰਨ ਸਿਧੀ ਲਕੀਰ ਸੀ, ਜੋ ਮੱਧ ਯੁੱਗ ਦੇ ਦੌਰਾਨ ਅਰਬੀ ਰਾਹੀਂ ਯੂਰਪ ਵਿਚ ਸੰਚਾਰਤ ਹੋ ਗਿਆ। ਵਿਸਥਾਰ ਲਈ ਪੰਡਿਤ ਗੌਰੀਸੰਕਰ ਹੀਰਾਚੰਦ ਓਝਾ ਦੀ ਪੁਸਤਕ 'ਭਾਰਤੀਯ ਪ੍ਰਾਚੀਨ ਲਿਪੀਮਾਲਾ' ਅਤੇ ਡਾ. ਕਾਲਾ ਸਿੰਘ ਬੇਦੀ ਦੀ 'ਲਿਪੀ ਦਾ ਵਿਕਾਸ' ਵੇਖੀ ਜਾ ਸਕਦੀ ਹੈ।

[11] ਸੰਸਕ੍ਰਿਤ ਸ਼ਬਦਾਂ ਦਾ ਅੰਤਲਾ 'ਯ' ਮਧਕਾਲੀ ਭਾਸ਼ਾਵਾਂ ਵਿਚ ਸਿਹਾਰੀ ਬਣ ਜਾਂਦਾ ਹੈ, ਜਿਵੇਂ: ਆਦਿਤਯ ਤੋਂ ਆਦਿਤਿ, ਮੁਖਯ ਤੋਂ ਮੁਖਿ, ਧੰਨਯ ਤੋਂ ਧੰਨਿ ਆਦਿ।

[12] ਫ਼ਾਰਸੀ ਵਿਚਲਾ ਸ਼ਬਦ 'ਨਾਮ' (ਕਿਸੇ ਚੀਜ ਜਾਂ ਸ਼ਖ਼ਸ਼ ਦਾ ਨਾਂ; ਸਖਸ਼ੀਅਤ, ਸ਼ੋਹਰਤ, ਚਲਨ ਆਦਿ) ਸੰਸਕ੍ਰਿਤ 'ਨਾਮਨ੍' ਦਾ ਸਜਾਤੀ ਹੈ।

[13] ਆਮ ਕਰਕੇ ਸੰਸਕ੍ਰਿਤ ਵਿਚ ਵਿਅੰਜਨ (ਹਲ੍) ਅਖਰਾਂ ਨੂੰ ਸ੍ਵਰ-ਰਹਿਤ (ਅੱਧਾ) ਕਰਨ ਲਈ ਹੇਠਲੇ ਪਾਸੇ ਜਿਹੜਾ ਚਿੰਨ੍ਹ ਲਾਇਆ ਜਾਂਦਾ ਹੈ ਉਸ ਨੂੰ ਹਲੰਤ ਕਿਹਾ ਜਾਂਦਾ ਹੈ। ਅਜਿਹੇ ਅਖਰਾਂ ਨੂੰ ਗੁਰਮੁਖੀ ਲਿਪੀ ਵਿਚ ਲਿਪੀਅੰਤਰ ਕਰਦੇ ਸਮੇਂ ਅਸੀਂ ਉਨ੍ਹਾਂ ਦਾ ਸ਼ੁੱਧ ਰੂਪ ਬਰਕਰਾਰ ਰਖਣ ਲਈ ਗੁਰਮੁਖੀ ਦੇ ਕੋਸ਼ਾਂ, ਵਿਆਕਰਣਾਂ ਆਦਿ ਵਾਂਗ ਇਹੀ ਤਰੀਕਾ ਅਪਨਾਇਆ ਹੈ, ਜਿਵੇਂ 'ਜਲਮ੍' (जलम्)। ਇਸੇ ਤਰ੍ਹਾਂ ਸੰਸਕ੍ਰਿਤ ਵਿਚ ਵਰਤੇ ਅੱਧੇ ਅਖਰਾਂ ਲਈ ਵੀ ਲੋੜ ਅਨੁਸਾਰ ਇਸ ਚਿੰਨ੍ਹ ਦੀ ਵਰਤੋਂ ਕੀਤੀ ਹੈ: 'ਜਨ੍ਮ' (जन्म) ਆਦਿ।

[14] ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥ -ਗੁਰੂ ਗ੍ਰੰਥ ਸਾਹਿਬ ੧੨੯੧

ਵਿਸ਼ੇਸ਼ਣ[15](ੴ ਦਾ), ਕਰਤਾ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ਼ - ਪੁਰਖੁ; ਪ੍ਰਾਕ੍ਰਿਤ - ਪੁਰੁਸ; ਸੰਸਕ੍ਰਿਤ - ਪੁਰੁਸ਼ਹ (पुरुष:[16] - ਪੁਰਸ਼/ਪੁਰਖ; ਪੁਰੀ/ਸਰੀਰ ਵਿਚ ਲੇਟਿਆ ਹੋਇਆ)।[17]

ਨਿਰਭਉ = ਡਰ ਰਹਿਤ, ਨਿਡਰ।

ਵਿਸ਼ੇਸ਼ਣ (ੴ ਦਾ), ਕਰਤਾ ਕਾਰਕ; ਪੁਲਿੰਗ, ਇਕਵਚਨ।

ਨਾਂਹਵਾਚੀ ਅਗੇਤਰ 'ਨਿਰ' + ਲਹਿੰਦੀ/ਸਿੰਧੀ/ਅਪਭ੍ਰੰਸ਼ - ਭਉ; ਪ੍ਰਾਕ੍ਰਿਤ/ਪਾਲੀ - ਭਯ; ਸੰਸਕ੍ਰਿਤ - ਭਯ (भय - ਡਰ)।[18]

ਨਿਰਵੈਰੁ = ਵੈਰ ਰਹਿਤ।

ਵਿਸ਼ੇਸ਼ਣ (ੴ ਦਾ), ਕਰਤਾ ਕਾਰਕ; ਪੁਲਿੰਗ, ਇਕਵਚਨ।

ਨਾਂਹਵਾਚੀ ਅਗੇਤਰ 'ਨਿਰ' + ਅਪਭ੍ਰੰਸ਼ - ਵੈਰ; ਸੰਸਕ੍ਰਿਤ - ਵੈਰਮ੍ (वैरम् - ਵੈਰ)।

ਅਕਾਲ[19] = ਕਾਲ ਤੋਂ ਅਤੀਤ, ਸਮੇਂ ਦੇ ਪ੍ਰਭਾਵ ਤੋਂ ਪਰੇ।

ਵਿਸ਼ੇਸ਼ਣ (ਮੂਰਤਿ ਦਾ), ਕਰਤਾ ਕਾਰਕ; ਇਸਤਰੀ ਲਿੰਗ, ਇਕਵਚਨ।

ਵਿਰੋਧ ਅਰਥਕ ਅਗੇਤਰ 'ਅ' + ਅਪਭ੍ਰੰਸ਼ - ਕਾਲ; ਸੰਸਕ੍ਰਿਤ - ਕਾਲ (काल - ਸਮਾਂ, ਮੌਤ)।

ਮੂਰਤਿ = ਹੋਂਦ, ਹਸਤੀ, ਸਰੂਪ।

---

[15] ਵਿਆਕਰਣਕ ਪੱਧਰ 'ਤੇ 'ਪੁਰਖੁ' ਦਾ ਅਰਥ ਜਦੋਂ 'ਪੁਰਸ਼/ਮਨੁਖ' ਹੋਵੇ ਤਾਂ ਇਹ ਨਾਂਵ ਹੁੰਦਾ ਹੈ ਅਤੇ ਜੇਕਰ ਇਸ ਦਾ ਅਰਥ 'ਵਿਆਪਕ' ਹੋਵੇ (ਜਿਵੇਂ ਕਿ ਇਥੇ) ਤਾਂ ਇਹ ਵਿਸ਼ੇਸ਼ਣ ਸ਼੍ਰੇਣੀ ਵਿਚ ਆਉਂਦਾ ਹੈ।

[16] ਸੰਸਕ੍ਰਿਤ ਦਾ ਮੂਰਧਨ 'ਸ਼' (ष) ਲੌਕਿਕ ਬੋਲੀ ਵਿਚ ਦੋ ਰੂਪ ਧਾਰਨ ਕਰਦਾ ਹੈ। ਪਾਲੀ ਤੇ ਪ੍ਰਾਕ੍ਰਿਤ ਵਿਚ ਇਹ ਜ਼ਿਆਦਾਤਰ 'ਸ' ਵਿਚ ਤਬਦੀਲ ਹੁੰਦਾ ਹੈ, ਜਿਸ ਕਾਰਣ ਇਨ੍ਹਾਂ ਭਾਸ਼ਾਵਾਂ ਵਿਚ ਲਗਭਗ 'ਸ਼' ਦੀ ਹੋਂਦ ਹੀ ਸਮਾਪਤ ਹੋ ਜਾਂਦੀ ਹੈ। ਅਪਭ੍ਰੰਸ਼ ਦੇ ਸ਼ੌਰਸੈਨੀ ਖੇਤਰ ਵਿਚ ਇਹ 'ਖ' ਰੂਪ ਵਿਚ ਬਦਲ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਸਮੇਤ ਸਮੁੱਚੇ ਮਧਕਾਲੀ ਸਾਹਿਤ ਵਿਚ ਇਹ ਦੋਵੇਂ ਪ੍ਰਵਿਰਤੀਆਂ ਮਿਲਦੀਆਂ ਹਨ। ਸੰਸਕ੍ਰਿਤ ਤੋਂ ਪੂਰਵ 'ਵੈਦਿਕ' ਭਾਸ਼ਾ ਵਿਚ ਵੀ (ष) ਨੂੰ 'ਖ' ਵਾਂਗ ਹੀ ਉਚਾਰਿਆ ਜਾਂਦਾ ਸੀ।

[17] ਸੰਸਕ੍ਰਿਤ ਕੋਸ਼ਾਂ ਵਿਚ 'ਪੁਰਸ਼ਹ' ਦੀ ਵਿਉਤਪਤੀ ਇਸ ਪ੍ਰਕਾਰ ਮਿਲਦੀ ਹੈ: 'ਪੁਰਿ ਦੇਹੇ ਸ਼ੇਤੇ ਇਤਿ ਪੁਰੁਸ਼ਹ' (पुरि देहे शेते इति पुरुष:), ਭਾਵ, ਜੋ (ਵਿਅਕਤੀਗਤ ਤੇ ਵਿਆਪਕ) ਦੇਹ ਰੂਪੀ ਪੁਰੀ ਵਿਚ (ਸਯਨ) ਨਿਵਾਸ ਕਰਦਾ **ਹੈ ਉਹ** 'ਪੁਰਖ' ਹੈ।

[18] 'ਭਯ' ਦੀ 'ਭਉ' ਵਿਚ ਤਬਦੀਲੀ 'ਮੁਖ-ਸੁਖ' (ਮੂੰਹ ਲਈ ਸੁਖਾਲਾ ਉਚਾਰਣ) ਕਰਕੇ ਹੋਈ ਹੈ। ਸੰਸਕ੍ਰਿਤ ਦਾ ਸ਼ਬਦ ਅੰਤਕ 'ਯ' ਪ੍ਰਾਕ੍ਰਿਤਾਂ ਤੱਕ ਪਹੁੰਚਦਾ-ਪਹੁੰਚਦਾ 'ਉ' ਵਿਚ ਤਬਦੀਲ ਹੋ ਗਿਆ। ਇਹ ਤਬਦੀਲੀ ਅਗਲੇਰੀਆਂ ਲੌਕਿਕ ਭਾਸ਼ਾਵਾਂ ਵਿਚ ਵੀ ਪ੍ਰਧਾਨ ਰਹਿੰਦੀ ਹੈ। ਅਪਭ੍ਰੰਸ਼ ਦੀਆਂ ਕਈ ਰਚਨਾਵਾਂ ਵਿਚ 'ਭਉ, ਭੈ' ਆਦਿ ਰੂਪ ਉਪਲਬਧ ਹਨ। ਗੁਰੂ ਅਮਰਦਾਸ ਜੀ ਦਾ ਸਮਕਾਲੀ ਕਵੀ ਦਮੋਦਰ ਵੀ ਆਪਣੀ ਪ੍ਰਮੁਖ ਰਚਨਾ (ਹੀਰ) ਵਿਚ 'ਭਉ' ਸ਼ਬਦ ਦਾ ਪ੍ਰਯੋਗ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਅਤੇ 'ਗੀਤ ਗੋਬਿੰਦ' ਵਿਚ ਭਗਤ ਜੈਦੇਵ 'ਭਯ, ਭਇਆ' ਆਦਿਕ ਲਫ਼ਜ਼ਾਂ ਦੀ ਵਰਤੋਂ ਕਰਦੇ ਹਨ। ਰਾਜਸਥਾਨੀ ਭਾਸ਼ਾ ਦੀ 'ਪਾਹੁਡ-ਦੋਹਾ' ਨਾਮਕ ਰਚਨਾ ਵਿਚ 'ਭਉ, ਭੈਯ' ਆਦਿਕ ਲਫ਼ਜ਼ ਵਰਤੇ ਮਿਲਦੇ ਹਨ। ਰਾਜਸਥਾਨੀ ਅਤੇ ਹਿੰਦੀ ਦੀਆਂ ਉਪਬੋਲੀਆਂ ਵਿਚ ਅਜੇ ਵੀ 'ਭਉ' ਹੀ ਉਚਾਰਿਆ ਜਾਂਦਾ ਹੈ। ਸੋ, 'ਭਯ' ਦਾ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਰੂਪ 'ਭੈਯ, ਭੈ, ਭਉ' ਆਦਿ ਸਥਾਪਤ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਭਉ' ਨਾਂਵ, ਇਕਵਚਨ ਵਿਚ ਕਰਤਾ ਅਤੇ ਕਰਮ ਕਾਰਕ ਦੇ ਤੌਰ 'ਤੇ ਆਉਂਦਾ ਹੈ। ਕਰਣ, ਅਪਾਦਾਨ ਅਤੇ ਅਧਿਕਰਣ ਕਾਰਕ ਵਿਚ ਅਤੇ ਪ੍ਰਤੱਖ ਸੰਬੰਧਕ ਆਉਣ 'ਤੇ 'ਭਉ' ਤੋਂ 'ਭੈ' ਹੋ ਜਾਂਦਾ ਹੈ। 'ਭਉ' ਦਾ ਬਹੁਵਚਨੀ ਰੂਪ ਵੀ 'ਭੈ' ਹੀ ਹੈ।

[19] 'ਮੂਰਤਿ' ਇਸਤਰੀ ਲਿੰਗ ਹੋਣ ਕਰਕੇ 'ਅਕਾਲ' ਮੁਕਤਾ-ਅੰਤਕ (ਇਸਤਰੀ ਲਿੰਗ) ਹੈ।

ਨਾਂਵ, ਕਰਤਾ ਕਾਰਕ; ਇਸਤਰੀ ਲਿੰਗ, ਇਕਵਚਨ।

ਅਪਭ੍ਰੰਸ਼ - ਮੂਰਤਿ; ਸੰਸਕ੍ਰਿਤ - ਮੂਰਤਿਹ (मूर्तिः - ਮੂਰਤੀ, ਨਿਸ਼ਚਿਤ ਅਕਾਰ)।

ਅਜੂਨੀ = ਜੂਨ ਤੋਂ ਰਹਿਤ, ਅਜਨਮਾ; ਜਨਮ ਮਰਣ ਤੋਂ ਰਹਿਤ।

ਵਿਸ਼ੇਸ਼ਣ (ੴ ਦਾ), ਕਰਤਾ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ਼ - ਅਜੋਨਿ; ਸੰਸਕ੍ਰਿਤ - ਅਯੋਨਿ (अयोनि - ਅਜਨਮਾ)।

ਸੈਭੰ[20] = ਸੁਤੇ ਪ੍ਰਕਾਸ਼; ਆਪਣੇ ਆਪ ਤੋਂ ਹੋਂਦ ਵਿਚ ਆਇਆ ਹੋਇਆ।

ਵਿਸ਼ੇਸ਼ਣ (ੴ ਦਾ), ਕਰਤਾ ਕਾਰਕ; ਪੁਲਿੰਗ, ਇਕਵਚਨ।

ਪ੍ਰਾਕ੍ਰਿਤ - ਸਯਭੁ; ਸੰਸਕ੍ਰਿਤ - ਸਵਯੰ-ਭੂ (स्वयं-भू - ਆਪਣੇ ਆਪ ਤੋਂ ਹੋਣਾ)।

ਗੁਰ = ਗੁਰੂ ਦੇ।

ਨਾਂਵ, ਸੰਬੰਧ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ਼ - ਗੁਰੁ (ਵਡਾ, ਮਹਾਨ; ਅਧਿਆਪਕ); ਪ੍ਰਾਕ੍ਰਿਤ - ਗੁਰੁ/ਗੁਰੁਅ (ਭਾਰੀ; ਅਧਿਆਪਕ); ਪਾਲੀ - ਗੁਰੁ (ਅਧਿਆਪਕ); ਸੰਸਕ੍ਰਿਤ - ਗੁਰੁ (गुरु - ਭਾਰੀ, ਦੀਰਘ; ਅਧਿਆਪਕ, ਅਧਿਆਤਮਕ ਮੁਰਸ਼ਦ)।

ਪ੍ਰਸਾਦਿ = ਪ੍ਰਸਾਦ ਸਦਕਾ, ਕਿਰਪਾ ਦੁਆਰਾ।

ਨਾਂਵ, ਕਰਣ ਕਾਰਕ; ਪੁਲਿੰਗ, ਇਕਵਚਨ।

ਸੰਸਕ੍ਰਿਤ - ਪ੍ਰਸਾਦਹ (प्रसादः- ਕਿਰਪਾ)।

ਭਾਈ ਗੁਰਦਾਸ ਜੀ ਨੇ ਮੰਗਲਾਚਰਣ ਅਥਵਾ ਮੂਲ ਮੰਤ੍ਰ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ:

ਏਕਾ ਏਕੰਕਾਰੁ ਲਿਖਿ ਦੇਖਾਲਿਆ। ਊੜਾ ਓਅੰਕਾਰੁ ਪਾਸਿ ਬਹਾਲਿਆ। ਸਤਿਨਾਮੁ ਕਰਤਾਰ ਨਿਰਭਉ ਭਾਲਿਆ। ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ। ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ। ਪੰਜ ਅਖਰ ਉਪਕਾਰ ਨਾਮੁ ਸਮਾਲਿਆ। ਪਰਮੇਸੁਰ ਸੁਖ ਸਾਰੁ ਨਦਰਿ ਨਿਹਾਲਿਆ। ਨਉ ਅੰਗਿ ਸੁੰਨ ਸੁਮਾਰ ਸੰਗਿ ਨਿਰਾਲਿਆ। ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ ॥੧੫॥ -ਭਾਈ ਗੁਰਦਾਸ ਜੀ, ਵਾਰ ੩ ਪਉੜੀ ੧੫

ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ। ਸਤਿਨਾਮ ਕਰਤਾ ਪੁਰਖੁ ਨਿਰਭਉ ਹੁਇ ਨਿਰਵੈਰੁ ਸਦਾਇਆ। ਅਕਾਲ ਮੂਰਤਿ ਪਰਤਖਿ ਸੋਇ ਨਾਉ ਅਜੂਨੀ ਸੈਭੰ ਭਾਇਆ। ਗੁਰਪਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰੁ ਹੋਂਦਾ ਆਇਆ। ਹੈਭੀ ਹੋਸੀ ਸਚੁ ਨਾਉ ਸਚੁ ਦਰਸਣ ਸਤਿਗੁਰੂ ਦਿਖਾਇਆ। ਸਬਦੁ ਸੁਰਤਿ ਲਿਵਲੀਣੁ ਹੁਇ ਗੁਰੁ ਚੇਲਾ ਪਰਚਾ ਪਰਚਾਇਆ। ਗੁਰੁ ਚੇਲਾ ਰਹਰਾਸਿ ਕਰਿ ਵੀਹ ਇਕੀਹ ਚੜ੍ਹਾਉ ਚੜ੍ਹਾਇਆ। ਗੁਰਮੁਖਿ ਸੁਖ ਫਲੁ ਅਲਖ ਲਖਾਇਆ ॥੧॥ -ਭਾਈ ਗੁਰਦਾਸ ਜੀ, ਵਾਰ ੩੯ ਪਉੜੀ ੧

---

[20] ਗੁਰੂ ਗ੍ਰੰਥ ਸਾਹਿਬ ਵਿਚ 'ਸੈਭੰ' ੩੩ ਵਾਰ (ਮੰਗਲਾਚਰਣ ਵਿਚ), 'ਸੰਭਉ' ੮ ਵਾਰ, 'ਸੰਭਵਿਅਉ' ੨ ਅਤੇ 'ਸੰਭੌ' ੧ ਵਾਰ ਆਇਆ ਹੈ। 'ਸੈਭੰ' ਅਸਲ ਵਿਚ ਸੰਸਕ੍ਰਿਤ ਸ਼ਬਦ 'ਸ੍ਵਯੰਭੂ' ਦਾ ਅਪਭ੍ਰੰਸ਼ ਰੂਪ ਹੈ। ਪਰ ਇਹ 'ਸਵਯਮ੍+ਭਵਮ੍' (स्वयम्+भवम्) ਦੀ ਸੰਧੀ ਵੀ ਹੋ ਸਕਦਾ ਹੈ।

ਕਾਵਿਕ ਪਖ

'ਆਸਾ ਕੀ ਵਾਰ' ਦਾ ਅਰੰਭ ਮੰਗਲਾਚਰਣ ਅਥਵਾ ਮੂਲ ਮੰਤ੍ਰ ਨਾਲ ਹੋਇਆ ਹੈ, ਜਿਸ ਵਿਚ ਵਰਤੇ ਗਏ ਵਿਸ਼ੇਸ਼ਣੀ ਸ਼ਬਦ ਇਕ ਓਅੰਕਾਰ ਦੀਆਂ ਵਿਭਿੰਨ ਵਿਸ਼ੇਸ਼ਤਾਵਾਂ ਅਤੇ ਵਡਿਆਈਆਂ ਨੂੰ ਪ੍ਰਗਟ ਕਰਦੇ ਹਨ।

ਓਅੰਕਾਰ ਨੂੰ ਇਕ-ਅਦੁੱਤੀ, ਸੱਚੇ ਨਾਮ ਵਾਲਾ, ਸ੍ਰਿਸ਼ਟੀ ਦਾ ਸਿਰਜਣਹਾਰ ਤੇ ਉਸ ਵਿਚ ਵਿਆਪਕ, ਡਰ ਤੇ ਵੈਰ ਤੋਂ ਮੁਕਤ, ਸਮੇਂ ਤੇ ਜੰਮਣ-ਮਰਣ ਤੋਂ ਪਾਰ, ਸਵੈ-ਪ੍ਰਕਾਸ਼ਤ ਆਦਿ ਦਰਸਾਉਣ ਲਈ 'ਪਰਿਕਰ ਅਲੰਕਾਰ'[21] ਦੀ ਢੁੱਕਵੀਂ ਵਰਤੋਂ ਦੁਆਰਾ ਕ੍ਰਮਵਾਰ 'ਸਤਿਨਾਮੁ', 'ਕਰਤਾਪੁਰਖੁ' 'ਨਿਰਭਉ', 'ਨਿਰਵੈਰੁ', 'ਅਕਾਲ ਮੂਰਤਿ', 'ਅਜੂਨੀ', 'ਸੈਭੰ' ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਓਅੰਕਾਰ ਦੀਆਂ ਵਡਿਆਈਆਂ ਨੂੰ ਪ੍ਰਗਟਾਉਣ ਲਈ ਇਨ੍ਹਾਂ ਚੋਣਵੇਂ ਸ਼ਬਦਾਂ ਦੀ ਇਸ ਰੂਪ ਵਿਚ ਵਰਤੋਂ ਪਹਿਲੀ ਵਾਰ ਹੋਈ ਹੈ। ਇਸ ਲਈ ਭਾਸ਼ਾਈ ਤੇ ਕਾਵਿਕ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਅਤਿਅੰਤ ਮੌਲਿਕ ਅਤੇ ਸਿਰਜਨਾਤਮਕ ਹੈ।

ਮੰਗਲਾਚਰਣ ਅਥਵਾ ਮੂਲ ਮੰਤ੍ਰ ਵਿਚ ਆਏ ਸ਼ਬਦ ਓਅੰਕਾਰ ਦੀਆਂ ਵਿਸ਼ੇਸ਼ਤਾਵਾਂ ਪ੍ਰਗਟ ਕਰਨ ਵਾਲੇ ਵਿਸ਼ੇਸ਼ਣ ਹਨ। ਪਰ ਅੰਤਮ ਸ਼ਬਦ-ਜੁਟ 'ਗੁਰ ਪ੍ਰਸਾਦਿ' ਆਪਣੀ ਵਿਆਕਰਣਕ ਬਣਤਰ ਦੇ ਦ੍ਰਿਸ਼ਟੀਕੋਣ ਤੋਂ ਵਿਸ਼ੇਸ਼ਣ ਨਹੀਂ ਹੈ, ਕਿਉਂਕਿ ਇਥੇ ਪੂਰਵ ਨਿਰਧਾਰਤ ਸ਼ਬਦ ਪੱਧਰੀ ਮਾਪਦੰਡ ਦੀ ਤਬਦੀਲੀ[22] ਰਾਹੀਂ ਪਹਿਲੇ ਪਾਤਸ਼ਾਹ ਓਅੰਕਾਰ ਦੀ ਪ੍ਰਾਪਤੀ ਵਿਚ ਗੁਰੂ ਦੀ ਮਹੱਤਤਾ ਨੂੰ ਦਰਸਾ ਰਹੇ ਹਨ। ਪਾਤਸ਼ਾਹ ਦਾ ਆਸ਼ਾ ਹੈ ਕਿ ਅਨੰਤ ਗੁਣਾਂ ਨਾਲ ਸੁਸ਼ੋਭਤ ਸਰਬ ਸ਼ਕਤੀਮਾਨ ਓਅੰਕਾਰ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਸਦਕਾ ਹੀ ਹੋ ਸਕਦੀ ਹੈ।

ਇਸ ਵਿਚ ਕਿਸੇ ਵੀ ਪ੍ਰਕਾਰ ਦੇ ਸਹਾਇਕ ਸ਼ਬਦਾਂ ਜਾਂ ਕਿਰਿਆਵਾਂ ਦਾ ਪ੍ਰਯੋਗ ਨਹੀਂ ਕੀਤਾ ਗਿਆ;[23] ਬਲਕਿ ਸਾਰੇ ਸ਼ਬਦਾਂ ਨੂੰ ਬਰਾਬਰਤਾ ਦੀ ਧਰਾਤਲ 'ਤੇ ਇਕ-ਦੂਜੇ ਨਾਲ ਜੋੜ ਦਿਤਾ ਗਿਆ ਹੈ। ਇਸ ਵਿਧੀ ਰਾਹੀਂ ਓਅੰਕਾਰ ਦੇ ਗੁਣਾਂ ਦੀ ਤੀਬਰਤਾ ਅਤੇ ਸੰਘਣਤਾ ਨੂੰ ਉਜਾਗਰ ਕਰਕੇ ਇਹ ਸਪਸ਼ਟ ਕੀਤਾ ਗਿਆ ਹੈ ਕਿ ਅਨੰਤ ਵਿਲੱਖਣਤਾਵਾਂ ਨਾਲ ਸੁਸ਼ੋਭਤ ਸਰਬ ਸ਼ਕਤੀਮਾਨ ਓਅੰਕਾਰ ਦੀ ਪ੍ਰਾਪਤੀ ਨਾਲ ਗੁਰੂ ਕਿਰਪਾ ਦਾ ਸਿੱਧਾ ਸੰਬੰਧ ਹੈ**।**

ਆਸਾ ਮਹਲਾ ੧॥

ਵਾਰ ਸਲੋਕਾ ਨਾਲਿ

ਸਲੋਕ ਭੀ ਮਹਲੇ ਪਹਿਲੇ ਕੇ ਲਿਖੇ

ਟੁੰਡੇ ਅਸਰਾਜੈ ਕੀ ਧੁਨੀ॥[24]

ਅਰਥ

---

[21] ਵਰਣਤ ਵਿਸ਼ੇ ਨੂੰ ਵਧੇਰੇ ਉਤਕਰਸ਼ਤਾ ਅਤੇ ਵਡਿਆਈ ਪ੍ਰਦਾਨ ਕਰਨ ਵਾਲੇ ਸ਼ਬਦਾਂ ਦੀ ਵਰਤੋਂ ਕਾਵਿ-ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਪਰਿਕਰ ਅਲੰਕਾਰ ਅਖਵਾਉਂਦੀ ਹੈ।

[22] ਪੂਰਵ ਨਿਰਧਾਰਤ ਮਾਨਕ ਤੋਂ ਕੀਤੀ ਗਈ ਇਹ ਤਬਦੀਲੀ ਵਿਪਥਨ ਅਖਵਾਉਂਦੀ ਹੈ।

[23] ਇਹ ਇਕ ਸਿਰਜਨਾਤਮਕ ਢੰਗ ਹੈ, ਜਿਸ ਨੂੰ ਵਾਕ ਪੱਧਰੀ ਵਿਚਲਨ ਕਹਿੰਦੇ ਹਨ।

[24] ਕਰਤਾਰਪੁਰੀ ਬੀੜ ਵਿਚ "'ਟੁੰਡੇ ਅਸਰਾਜੈ ਕੀ ਧੁਨੀ' ਇਹ ਸਾਰੇ ਅੱਖਰ ਕਿਸੇ ਹੋਰ ਸਿਆਹੀ ਵਿਚ ਬਰੀਕ ਕਲਮ ਨਾਲ ਲਿਖੇ ਹੋਏ ਹਨ।" -ਭਾਈ ਜੋਧ ਸਿੰਘ, ਕਰਤਾਰਪੁਰੀ ਬੀੜ ਦੇ ਦਰਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੬੮, ਪੰਨਾ ੭੨

ਆਸਾ, ਮਹਲਾ ਪਹਿਲਾ।

ਵਾਰ[25], ਸਲੋਕਾਂ ਨਾਲ।

ਸਲੋਕ ਵੀ ਮਹਲੇ ਪਹਿਲੇ ਦੇ ਲਿਖੇ ਹਨ।

ਟੁੰਡੇ ਅਸਰਾਜ ਦੀ ਧੁਨੀ।

ਆਸਾ ਰਾਗ ਵਿਚ, ਮਹਲਾ ਪਹਿਲਾ, ਭਾਵ ਗੁਰੂ ਨਾਨਕ ਸਾਹਿਬ ਦੁਆਰਾ ਉਚਾਰਣ ਕੀਤੀ ਬਾਣੀ।

ਇਸ ਵਾਰ ਵਿਚ ਪਉੜੀਆਂ ਦੇ ਨਾਲ ਸਲੋਕ ਵੀ ਸ਼ਾਮਲ ਕੀਤੇ ਗਏ ਹਨ।[26]

ਜਿਆਦਾਤਰ ਸਲੋਕ ਵੀ ਪਹਿਲੇ ਮਹਲੇ, ਗੁਰੂ ਨਾਨਕ ਸਾਹਿਬ, ਦੇ ਅੰਕਤ ਕੀਤੇ ਹਨ।[27]

ਇਸ ਵਾਰ ਦੀਆਂ ਪਉੜੀਆਂ ਨੂੰ ਵਾਰ 'ਟੁੰਡੇ ਅਸਰਾਜ' ਦੀ ਤਰਜ਼ 'ਤੇ ਗਾਉਣਾ ਹੈ।

ਪਦ ਅਰਥ

ਵਾਰ = ਪਉੜੀਆਂ ਦਾ ਸੰਗ੍ਰਹਿ; ਪਉੜੀਆਂ ਵਿਚ ਰਚਿਆ ਬੀਰ ਰਸ ਪ੍ਰਧਾਨ ਕਾਵਿ ਦਾ ਇਕ ਰੂਪ।

ਨਾਂਵ, ਕਰਤਾ ਕਾਰਕ; ਇਸਤਰੀ ਲਿੰਗ, ਇਕਵਚਨ।

ਬ੍ਰਜ/ਅਪਭ੍ਰੰਸ਼/ਪ੍ਰਾਕ੍ਰਿਤ - ਵਾਰ; ਸੰਸਕ੍ਰਿਤ - ਵਾਰ੍ੱਤਾ (वार्त्ता - ਬਿਰਤਾਂਤ, ਗੱਲਬਾਤ)।

---

[25] 'ਵਾਰ' ਪਉੜੀਆਂ ਵਿਚ ਰਚਿਆ ਬੀਰ ਰਸ ਪ੍ਰਧਾਨ ਕਾਵਿ ਰੂਪਾਕਾਰ ਹੈ।

[26] ਸਿਖ ਪਰੰਪਰਾ ਅਨੁਸਾਰ 'ਆਸਾ ਕੀ ਵਾਰ' ਗੁਰੂ ਨਾਨਕ ਸਾਹਿਬ ਦੀ ਪਹਿਲੀ ਵਾਰ ਹੋਣ ਕਾਰਣ ਇਹ ਸੰਪਾਦਕੀ ਸੂਚਨਾ ਅੰਕਤ ਕੀਤੀ ਗਈ ਹੈ, ਕਿਉਂਕਿ ਪੁਰਾਤਨ ਵਾਰਾਂ ਕੇਵਲ ਪਉੜੀ-ਰੂਪ ਵਿਚ ਹੀ ਹੁੰਦੀਆਂ ਸਨ। ਗੁਰੂ ਗ੍ਰੰਥ ਸਾਹਿਬ ਵਿਚਲੀਆਂ ਦੋ ਵਾਰਾਂ (ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ' ਅਤੇ ਬਸੰਤ ਕੀ ਵਾਰ) ਸਮੇਤ, ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀਆਂ ਵਾਰਾਂ ਵੀ ਕੇਵਲ ਪਉੜੀਆਂ ਵਿਚ ਹੀ ਹਨ। ਇਸ ਕਾਰਣ ਪਉੜੀਆਂ ਦੇ ਨਾਲ ਸਲੋਕ ਅੰਕਤ ਕਰਨ ਦੀ ਪਰੰਪਰਾ ਗੁਰੂ ਨਾਨਕ ਸਾਹਿਬ/ਗੁਰੂ ਅਰਜਨ ਦੇਵ ਜੀ ਨੇ ਹੀ ਆਰੰਭ ਕੀਤੀ ਜਾਪਦੀ ਹੈ। ਸ਼ਾਇਦ ਇਸੇ ਕਰਕੇ ਉਕਤ ਸੂਚਨਾ ਦਰਜ ਕੀਤੀ ਗਈ।

[27] ਕੁਝ ਵਿਦਵਾਨਾਂ (ਜਿਵੇਂ ਕਿ ਗਿ. ਹਰਿਬੰਸ ਸਿੰਘ ਆਦਿ) ਨੇ ਇਸ ਦਾ ਭਾਵ ਗੁਰੂ ਅਰਜਨ ਸਾਹਿਬ ਵਲੋਂ ਇਹ ਸੰਕੇਤ ਦੇਣਾ ਮੰਨਿਆ ਹੈ ਕਿ ਇਸ ਵਾਰ ਵਿਚ ਪਉੜੀਆਂ ਦੇ ਨਾਲ 'ਮਹਲਾ ੧' ਸਿਰਲੇਖ ਹੇਠ ਦਰਜ ਹੋਏ ਸਲੋਕ ਗੁਰੂ ਨਾਨਕ ਸਾਹਿਬ ਨੇ ਆਪ ਅੰਕਤ ਕੀਤੇ ਹਨ ਅਤੇ ਉਸ ਪਰੰਪਰਾ 'ਤੇ ਚਲਦਿਆਂ ਪੰਚਮ ਪਾਤਸ਼ਾਹ ਨੇ ਗੁਰੂ ਅੰਗਦ ਸਾਹਿਬ ਦੇ ਕੁਝ ਸਲੋਕ ਵੀ ਪਉੜੀਆਂ ਦੇ ਨਾਲ ਅੰਕਤ ਕਰ ਦਿਤੇ। ਪਰ ਇਹ ਅਨੁਮਾਨ ਇਸ ਸੰਪਾਦਕੀ ਸੂਚਨਾ ਦੀ ਅਖਰੀ-ਬਣਤਰ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦਾ। ਜੇਕਰ 'ਸਲੋਕ ਭੀ ਮਹਲੈ ਪਹਲੈ ਲਿਖੇ' ਵਾਕੰਸ਼ ਹੁੰਦਾ ਤਾਂ ਇਹ ਪੱਖ ਦਰੁਸਤ ਮੰਨਿਆ ਜਾ ਸਕਦਾ ਸੀ। ਦੂਜੇ ਪਾਸੇ, ਪ੍ਰੋ. ਸਾਹਿਬ ਸਿੰਘ ਆਦਿ ਦਾ ਮੱਤ ਹੈ ਕਿ ਇਸ ਸੂਚਨਾ ਵਿਚ ਗੁਰੂ ਅਰਜਨ ਸਾਹਿਬ ਇਹ ਕਹਿ ਰਹੇ ਹਨ ਕਿ ਉਨ੍ਹਾਂ ਨੇ 'ਮਹਲਾ ੧' ਦੀ ਇਸ ਵਾਰ ਵਿਚ ਪਉੜੀਆਂ ਦੇ ਨਾਲ ਸਲੋਕ ਵੀ 'ਮਹਲਾ ੧' ਦੇ ਹੀ ਲਿਖੇ ਹਨ। ਪਰ ਇਹ ਗੱਲ ਵੀ ਠੀਕ ਨਹੀਂ ਢੁਕਦੀ ਕਿਉਂਜੁ ਇਸ ਵਿਚ 'ਮਹਲਾ ੨' ਦੇ ੧੫ ਸਲੋਕ ਵੀ ਦਰਜ ਹਨ। ਸੋ, ਇਸ ਦਾ ਇਹ ਭਾਵ ਹੀ ਲਿਆ ਜਾ ਸਕਦਾ ਹੈ ਕਿ ਗੁਰੂ ਅਰਜਨ ਸਾਹਿਬ ਸੂਚਨਾ ਦੇ ਰਹੇ ਹਨ ਕਿ ਉਨ੍ਹਾਂ ਨੇ ਇਸ ਵਾਰ ਦੀਆਂ ਪਉੜੀਆਂ ਦੇ ਨਾਲ, ਜਿਆਦਾਤਰ, ਸਲੋਕ ਵੀ ਪਹਿਲੇ ਮਹਲੇ ਦੇ ਸੰਮਿਲਤ ਕੀਤੇ ਹਨ (ਭਾਵੇਂ ਕਿ ਇਸ ਵਿਚ ਦੂਜੇ ਮਹਲੇ ਦੇ ਸਲੋਕ ਵੀ ਹਨ)। ਕੁਝ ਹੱਥ ਲਿਖਤ ਬੀੜਾਂ ਵਿਚ ਇਹ ਸਿਰਲੇਖ ਇਸ ਤਰ੍ਹਾਂ ਵੀ ਮਿਲਦਾ ਹੈ: '੧ਓ ਸਤਿਗੁਰ ਪ੍ਰਸਾਦਿ ਰਾਗੁ ਆਸਾ ਕੀ ਵਾਰ ਸਲੋਕਾ ਨਾਲਿ ਮਹਲਾ ੧ ਟੁੰਡੇ ਅਸਰਾਜੇ ਕੀ ਧੁਨੀ॥' ਇਹੋ ਜਿਹੀ ਇਕ ਬੀੜ ਸਾਡੇ ਪਾਸ ਮੌਜੂਦ ਹੈ। ਪੰਥ ਦੀਆਂ ਨੁਮਾਇੰਦਾ ਜਥੇਬੰਦੀਆਂ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਸਲੋਕਾ[28] = ਸਲੋਕਾਂ (ਨਾਲ/ਸਹਿਤ)।

ਨਾਂਵ, ਸੰਬੰਧ ਕਾਰਕ; ਪੁਲਿੰਗ, ਬਹੁਵਚਨ।

ਅਪਭ੍ਰੰਸ਼ - ਸਲੋਕ; ਪਾਲੀ - ਸਿਲੋਕ (ਜਸ, ਕਵਿਤਾ); ਸੰਸਕ੍ਰਿਤ - ਸ਼੍ਲੋਕ੍ (श्लोक् - ਆਵਾਜ, ਉਸਤਤਿ ਦਾ ਗੀਤ; ਰਿਗਵੇਦ - ਛੰਦ)।

ਨਾਲਿ = ਨਾਲ, ਸਹਿਤ।

ਸੰਬੰਧਕ।

ਪੁਰਾਤਨ ਪੰਜਾਬੀ - ਨਾਲਿ (ਸਾਥ); ਕਸ਼ਮੀਰੀ - ਨਾਲ (ਛਾਤੀ); ਪ੍ਰਾਕ੍ਰਿਤ - ਅੰਕਵਾਲਿਇ; ਸੰਸਕ੍ਰਿਤ - ਅਙ੍ਕਪਾਲਿਹ (अङ्कपालि: - ਗਲ ਨਾਲ ਲਾਉਣਾ, ਗਲਵਕੜੀ ਪਾਉਣੀ)।[29]

ਸਲੋਕ[30] = ਕਾਵਿ ਦਾ ਇਕ ਰੂਪ।

ਨਾਂਵ, ਕਰਮ ਕਾਰਕ; ਪੁਲਿੰਗ, ਬਹੁਵਚਨ।

ਸਿੰਧੀ - ਸਲੋਕੁ; ਬ੍ਰਜ - ਸਲੋਕ; ਪ੍ਰਾਕ੍ਰਿਤ - ਸਿਲੋਗ; ਪਾਲੀ - ਸਿਲੋਕ; ਸੰਸਕ੍ਰਿਤ - ਸ਼ਲੋਕਹ (श्लोक: - ਸ਼ਬਦ, ਅਵਾਜ; ਕਵਿਤਾ ਦਾ ਬੰਦ, ਛੰਦ, ਪਦ; ਉਸਤਤ ਦਾ ਗੀਤ)।

ਭੀ = ਵੀ।[31]

ਨਿਪਾਤ।

ਸਿੰਧੀ - ਭੀ; ਪ੍ਰਾਕ੍ਰਿਤ - ਅਵਿ/ਵਿ; ਪਾਲੀ - ਅਪਿ; ਸੰਸਕ੍ਰਿਤ - ਅਪਿ (अपि - ਵੀ, ਅਤੇ, ਬਹੁਤ ਆਦਿ)।

ਮਹਲੇ[32] = ਮਹਲੇ (ਦੇ)।

ਨਾਂਵ, ਸੰਬੰਧ ਕਾਰਕ; ਪੁਲਿੰਗ, ਇਕਵਚਨ।

ਪਹਿਲੇ[33] = ਪਹਿਲੇ (ਦੇ)।

ਵਿਸ਼ੇਸ਼ਣ (ਮਹਲੇ ਦਾ), ਸੰਬੰਧ ਕਾਰਕ; ਪੁਲਿੰਗ, ਇਕਵਚਨ।

ਬ੍ਰਜ - ਪਹਿਲਾ; ਅਪਭ੍ਰੰਸ਼ - ਪਹਿਲਯ; ਪ੍ਰਾਕ੍ਰਿਤ - ਪਢਮਿਲ੍ਲਾ; ਸੰਸਕ੍ਰਿਤ - ਪਰਥੀਲ (परथील - ਪਹਿਲਾ)।

---

[28] ਸੰਬੰਧਕੀ ਪਦ 'ਨਾਲਿ' ਆਉਣ ਕਾਰਣ 'ਸਲੋਕੁ' ਤੋਂ 'ਸਲੋਕਾ' ਬਣਿਆ ਹੈ।

[29] ਵਿਉਤਪਤੀ ਬਾਰੇ ਅਜੇ ਹੋਰ ਖੋਜ ਦੀ ਲੋੜ ਹੈ।

[30] ‘ਸਲੋਕ’ ਦਾ ‘ਸ਼ਲੋਕ’ ਵਾਂਗ ਉਚਾਰਣ ਕਰਨਾ ਦਰੁਸਤ ਨਹੀਂ। ‘ਸਲੋਕ’ ਹੀ ਸ਼ੁੱਧ ਉਚਾਰਣ ਸਿੱਧ ਹੁੰਦਾ ਹੈ।

[31] ਗੁਰੂ ਗ੍ਰੰਥ ਸਾਹਿਬ ਵਿਚ ਦੋ ਮਾਤ੍ਰੀਏ ‘ਭੀ’ ਦਾ ਕਾਵਿਕ ਰੂਪਾਂਤਰ ਇਕ ਮਾਤ੍ਰੀਆ ‘ਭਿ’ ਵੀ ਆਉਂਦਾ ਹੈ। ਅਜੋਕੀ ਪੰਜਾਬੀ ਵਿਚ ਇਸ ਦਾ ਰੂਪ ‘ਵੀ’ ਹੈ।

[32] ਸੰਬੰਧਕੀ ਪਦ 'ਕੇ' ਆਉਣ ਕਾਰਣ ‘ਮਹਲਾ’ ਤੋਂ ‘ਮਹਲੇ’ ਹੋ ਗਿਆ ਹੈ।

[33] ਸੰਬੰਧਕੀ ਪਦ 'ਕੇ' ਆਉਣ ਕਾਰਣ ‘ਪਹਿਲਾ’ ਤੋਂ ‘ਪਹਿਲੇ’ ਹੋ ਗਿਆ ਹੈ।

ਕੇ = ਦੇ।

ਸੰਬੰਧਕ।

ਪੁਰਾਤਨ ਪੰਜਾਬੀ/ਬ੍ਰਜ - ਕਾ/ਕੀ/ਕੇ (ਦਾ/ਦੀ/ਦੇ); ਅਪਭ੍ਰੰਸ਼ - ਕੇਰ (ਦਾ); ਪ੍ਰਾਕ੍ਰਿਤ - ਕਾਰਿਤੋ; ਸੰਸਕ੍ਰਿਤ - ਕ੍ਰਿਤਹ (कृत: - ਕਰਨਾ)।

ਲਿਖੇ = ਲਿਖੇ ਹਨ।

ਕਿਰਿਆ, ਵਰਤਮਾਨ ਕਾਲ; ਅਨ ਪੁਰਖ, ਪੁਲਿੰਗ, ਬਹੁਵਚਨ।

ਪੁਰਾਤਨ ਪੰਜਾਬੀ - ਲਿਖਣੁ (ਲਿਖਣਾ); ਸੰਸਕ੍ਰਿਤ - ਲਿਖਯਤੇ (लिखयते - ਲਿਖਿਆ ਹੈ)।

ਟੁੰਡੇ = ਲੁੰਜੇ (ਦੀ), ਬਿਨਾਂ ਹੱਥ ਵਾਲੇ (ਦੀ)।

ਵਿਸ਼ੇਸਣ (ਅਸਰਾਜੈ ਦਾ), ਸੰਬੰਧ ਕਾਰਕ; ਪੁਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਟੁੰਡਾ; ਲਹਿੰਦੀ - ਟੁੰਡਾ; ਅਪਭ੍ਰੰਸ਼/ਪ੍ਰਾਕ੍ਰਿਤ - ਟੁੰਟ; ਸੰਸਕ੍ਰਿਤ - ਟੁੰਟ (टुंट - ਖਰਾਬ)।

ਅਸਰਾਜੈ = ਅਸਰਾਜ (ਦੀ)।

ਨਾਂਵ, ਸੰਬੰਧ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ਼ - ਅਸਰਾਜ; ਪ੍ਰਾਕ੍ਰਿਤ - ਅੱਸਵਰਾਜ; ਸੰਸਕ੍ਰਿਤ - ਅਸ਼ਵਰਾਜਹ (अश्वराज: - ਇਕ ਰਾਜੇ ਦਾ ਨਾਮ)।

ਕੀ = ਦੀ।[34]

ਸੰਬੰਧਕ।

ਪੁਰਾਤਨ ਪੰਜਾਬੀ/ਬ੍ਰਜ - ਕਾ/ਕੀ/ਕੇ (ਦਾ/ਦੀ/ਦੇ); ਅਪਭ੍ਰੰਸ਼ - ਕੇਰ (ਦਾ); ਪ੍ਰਾਕ੍ਰਿਤ - ਕਾਰਿਤੋ; ਸੰਸਕ੍ਰਿਤ - ਕ੍ਰਿਤਹ (कृत: - ਕਰਨਾ)।

ਧੁਨੀ = ਤਰਜ਼, ਧਾਰਨਾ।

ਨਾਂਵ; ਇਸਤਰੀ ਲਿੰਗ, ਇਕਵਚਨ।

ਅਪਭ੍ਰੰਸ਼ - ਧੁਨਿ; ਪ੍ਰਾਕ੍ਰਿਤ - ਧਅਨਿ; ਸੰਸਕ੍ਰਿਤ - ਧਵਨਿ (ध्वनि - ਧੁਨ, ਆਵਾਜ, ਲਯ)।[35]

---

[34] ਸੰਬੰਧਕੀ ਪਦ 'ਕੀ' ਆਉਣ ਕਾਰਣ, 'ਟੁੰਡਾ' ਤੋਂ 'ਟੁੰਡੇ' ਅਤੇ 'ਅਸਰਾਜ' ਤੋਂ 'ਅਸਰਾਜੈ' ਹੋ ਗਿਆ ਹੈ। ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਤ ਮੌਜੂਦਾ ਬੀੜਾਂ ਵਿਚ 'ਅਸਰਾਜੈ' ਪਾਠ ਅਲਗ-ਅਲਗ (ਅਸ ਰਾਜੈ) ਪ੍ਰਿੰਟ ਕੀਤਾ ਹੋਇਆ ਹੈ, ਜੋ ਕਿ ਇਕੱਠਾ 'ਅਸਰਾਜੈ' ਛਪਣਾ ਚਾਹੀਦਾ ਹੈ। ਅਸਲ ਵਿਚ ਇਹ ਪਦ 'ਅਸਰਾਜ' ਹੈ, ਜੋ ਸੰਸਕ੍ਰਿਤ ਵਿਚ 'अश्वराज:' ਪ੍ਰਾਕ੍ਰਿਤਾਂ ਵਿਚ 'अस्सवराज' ਅਤੇ ਅਪਭ੍ਰੰਸ਼ਾਂ ਵਿਚ 'ਅਸਰਾਜ' ਇਕੱਠਾ ਨਾਂ ਹੈ। ਮਧਕਾਲੀਨ ਉਤਰ-ਪੂਰਬੀ ਸਾਹਿਤ (ਸ਼ੌਰਸੈਨੀ ਆਦਿ) ਵਿਚ ਵੀ ਇਸ ਦਾ ਉਲੇਖ ਮਿਲਦਾ ਹੈ। ਬ੍ਰਜ ਭਾਸ਼ਾਈ ਸਾਹਿਤ ਵਿਚ ਇਸ ਨੂੰ 'ਇਸਰਾਜ' (इसराज) ਕਰਕੇ ਵੀ ਲਿਖਿਆ ਹੈ। ਸੰਸਕ੍ਰਿਤ ਵਿਚ ਇਹੋ ਜਿਹੇ ਬਹੁਤ ਨਾਂਵ ਹਨ, ਜਿਨ੍ਹਾਂ ਦਾ ਪਿਛੇਤਰ 'ਰਾਜ' ਹੁੰਦਾ ਹੈ। ਸੋ, ਮਧਕਾਲੀਨ ਸਾਹਿਤ ਅਤੇ ਕੋਸ਼ਾਗਤ ਰੂਪ ਅਨੁਸਾਰ, 'ਅਸਰਾਜ' ਹੀ ਦਰੁਸਤ ਹੈ। ਗੁਰੂ ਗ੍ਰੰਥ ਸਾਹਿਬ ਦੀ ਲਿਖਣ ਨੇਮਾਵਲੀ ਅਨੁਸਾਰ ਵੀ ਇਹ ਇਕ ਜੁੜਤ ਪਦ ਹੀ ਹੈ। 'ਅਸਰਾਜ' ਦੇ ਅੰਤ ਵਿਚ ਲਗਾਈਆਂ ਗਈਆਂ ਦੋਲਾਵਾਂ ਕਾਵਿਕ ਹਨ, ਵਿਆਕਰਣਕ ਨਹੀਂ, ਕਿਉਂਜੁ ਇਥੇ 'ਕੀ' ਸੰਬੰਧਕੀ ਪਦ ਪ੍ਰਤਖ ਤੌਰ 'ਤੇ ਆਇਆ ਹੈ। ਗੁਰੂ ਗ੍ਰੰਥ ਸਾਹਿਬ ਦੀ ਲਿਖਣ ਨੇਮਾਵਲੀ ਅਨੁਸਾਰ ਸੰਬੰਧਕੀ ਪਦ ਪ੍ਰਤਖ ਤੌਰ 'ਤੇ ਮੌਜੂਦ ਹੋਣ ਕਾਰਣ ਦੁ**ਲਾਵਾਂ** ਦੀ ਥਾਂ ਲਾਂ ਹੀ ਵਰਤੀ ਜਾਂਦੀ ਹੈ।

[35] ਸੰਸਕ੍ਰਿਤ ਦਾ ਅਰਧ 'ਵ' ਅਪਭ੍ਰੰਸ਼ ਵਿਚ ਅਰਧ 'ਉ' ਬਣਦਾ ਹੈ। ਅਪਭ੍ਰੰਸ਼ ਸਾਹਿਤ ਦੀ ਪ੍ਰਮੁਖ ਰਚਨਾ 'ਕੀਰਤਲਤਾ' ਵਿਚ ਇਹ ਸ਼ੈਲੀ ਆਮ ਮਿਲਦੀ ਹੈ। ਅਗਾਂਹ ਇਹ ਧੁਨੀ 'ਉ+ਅ' ਵਿਚ ਪ੍ਰਚਲਤ ਹੋ ਗਈ।

ਸਲੋਕੁ[36] ਮ: ੧[37]

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥

ਅਰਥ

ਸਲੋਕ, ਮਹਲਾ ਪਹਿਲਾ।

ਬਲਿਹਾਰ ਹਾਂ ਆਪਣੇ ਗੁਰੂ ਤੋਂ, ਦਿਹਾੜੀ ਵਿਚ ਸੈਂਕੜੇ ਵਾਰ; ਜਿਸ ਨੇ ਮਨੁਖਾਂ ਤੋਂ ਦੇਵਤੇ ਕਰ ਦਿਤੇ (ਤੇ ਇਉਂ) ਕਰਦਿਆਂ (ਉਸ ਨੂੰ) ਦੇਰ ਨਹੀਂ ਲਗੀ।

ਮਹਲਾ ਪਹਿਲਾ, ਭਾਵ ਗੁਰੂ ਨਾਨਕ ਸਾਹਿਬ, ਦੁਆਰਾ ਉਚਾਰਣ ਕੀਤਾ ਸਲੋਕ।[38]

ਮੈਂ ਆਪਣੇ ਗੁਰੂ[39] ਤੋਂ ਦਿਨ ਵਿਚ ਸੈਂਕੜੇ ਵਾਰੀ ਸਦਕੇ ਜਾਂਦਾ ਹਾਂ, ਜਿਸ ਨੇ ਸਧਾਰਣ ਮਨੁਖਾਂ ਤੋਂ ਦੈਵੀ ਗੁਣ ਭਰਪੂਰ ਗਿਆਨਵਾਨ ਮਨੁਖ ਬਣਾ ਦਿਤੇ[40] ਅਤੇ ਇਉਂ ਕਰਦਿਆਂ ਉਸ ਨੂੰ ਰਤਾ ਦੇਰ ਨਾ ਲਗੀ।

ਪਦ ਅਰਥ

ਬਲਿਹਾਰੀ = ਬਲਿਹਾਰ ਹਾਂ, ਸਦਕੇ ਜਾਂਦਾ ਹਾਂ।

ਕਿਰਿਆ, ਵਰਤਮਾਨ ਕਾਲ; ਉਤਮ ਪੁਰਖ, ਪੁਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਬਲਿਹਾਰਣੁ (ਕੁਰਬਾਨ ਕਰਨਾ, ਸਮਰਪਣ ਕਰਨਾ); ਸੰਸਕ੍ਰਿਤ - ਬਲਿਹਾਰ (ਬਲਿਹਾਰ - ਸ਼ਰਧਾਂਜਲੀ ਅਥਵਾ ਬਲਿਦਾਨ ਦੀ ਪੇਸ਼ਕਸ਼)।[41]

ਗੁਰ = ਗੁਰ ਵਿਟਹੁ, ਗੁਰੂ ਤੋਂ।

---

[36] ਕੁਝ ਹਥ ਲਿਖਤ ਬੀੜਾਂ ਵਿਚ ਇਥੇ, ਲਗਭਗ ਹਰ ਇਕ ਪਉੜੀ ਨਾਲ ਹੀ, 'ਸਲੋਕ' (ਬਹੁਵਚਨੀ ਰੂਪ) ਲਿਖਿਆ ਮਿਲਦਾ ਹੈ, ਜਦਕਿ ਮੌਜੂਦਾ ਬੀੜਾਂ ਵਿਚ ਕਿਤੇ 'ਸਲੋਕੁ' (ਜਿਵੇਂ ਕਿ ਇਸ ਵਾਰ ਦੀ ਪਉੜੀ ੧ ਤੇ ੨ ਨਾਲ) ਅਤੇ ਕਿਤੇ 'ਸਲੋਕ' (ਜਿਵੇਂ ਕਿ ਪਉੜੀ ੩ ਤੇ ੪ ਨਾਲ) ਛਪਿਆ ਹੋਇਆ ਹੈ। ਇਸ ਬਾਰੇ ਜਿੰਮੇਵਾਰ ਸੰਸਥਾਵਾਂ ਨੂੰ ਧਿਆਨ ਦੇਣ ਦੀ ਲੋੜ ਹੈ।

[37] 'ਮ:' ਗੁਰੂ ਗ੍ਰੰਥ ਸਾਹਿਬ ਸਿਰਲੇਖਾਂ ਵਿਚ ਗੁਰੂ ਬਾਣੀਕਾਰਾਂ ਲਈ ਵਰਤੇ ਸੰਕੇਤਕ ਸ਼ਬਦ 'ਮਹਲਾ' ਦਾ ਸੰਖਿਪਤ ਰੂਪ ਹੈ, ਇਸ ਲਈ 'ਮ:' ਦਾ ਉਚਾਰਣ ਹਰ ਥਾਂ 'ਮਹਲਾ' ਹੀ ਹੈ।

[38] 'ਸਲੋਕੁ' ਸ਼ਬਦ ਪਉੜੀ ਨਾਲ ਆਉਣ ਵਾਲੇ ਸਾਰੇ ਸਲੋਕਾਂ ਲਈ ਹੈ। ਭਾਵ, ਕਿ ਅੱਗੇ ਆਉਣ ਵਾਲੇ 'ਮਹਲਾ ੨' ਅਤੇ 'ਮ: ੧' ਸਿਰਲੇਖ ਅਸਲ ਵਿਚ '(ਸਲੋਕ) ਮਹਲਾ ੨' ਅਤੇ '(ਸਲੋਕ) ਮ: ੧' ਦੇ ਲਖਾਇਕ ਹਨ।

[39] ਇਥੇ ਪਾਰਬ੍ਰਹਮ ਪਰਮੇਸਰ ਵੱਲ ਸੰਕੇਤ ਹੈ: ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥ -ਗੁਰੂ ਗ੍ਰੰਥ ਸਾਹਿਬ ੫੯੯

[40] ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ ॥ -ਗੁਰੂ ਗ੍ਰੰਥ ਸਾਹਿਬ ੮੭੩

[41] ਬਲਿਹਾਰ/ਬਲਿਹਾਰੀ ਦੀ ਵਿਉਤਪਤੀ (ਬਿਨਾਂ ਅਰਥਾਂ ਦੇ) ਇਸ ਤਰ੍ਹਾਂ ਵੀ ਦਿਤੀ ਮਿਲਦੀ ਹੈ: ਬ੍ਰਜ - ਬਲਿਹਾਰੀ; ਅਪਭ੍ਰੰਸ਼ - ਵਲਿਹਾਰੀ; ਪ੍ਰਾਕ੍ਰਿਤ - ਵਲਿਹਾਰਇ; ਸੰਸਕ੍ਰਿਤ - ਵਲਿਹਾਰਿਕਾ (वलिहारिका)। -ਆਚਾਰਿਅ ਬੱਚੂ ਲਾਲ ਅਵਸਥੀ, ਹਿੰਦੀ ਵਿਉਤਪਤੀ ਕੋਸ਼, ਖੰਡ ੪, ਦਿੱਲੀ, ੨੦੦੮, ਪੰਨਾ ੨੦੩੨

ਨਾਂਵ, ਸੰਪ੍ਰਦਾਨ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ਼ - ਗੁਰੁ (ਵਡਾ, ਮਹਾਨ; ਅਧਿਆਪਕ); ਪ੍ਰਾਕ੍ਰਿਤ - ਗੁਰੁ/ਗੁਰੁਅ (ਭਾਰੀ; ਅਧਿਆਪਕ); ਪਾਲੀ - ਗੁਰੁ (ਅਧਿਆਪਕ); ਸੰਸਕ੍ਰਿਤ - ਗੁਰੁ (गुरु - ਭਾਰੀ, ਦੀਰਘ; ਅਧਿਆਪਕ, ਅਧਿਆਤਮਕ ਮੁਰਸ਼ਦ)।

ਆਪਣੇ = ਆਪਣੇ (ਗੁਰੂ) ਤੋਂ।[42]

ਵਿਸ਼ੇਸਣ (ਗੁਰ ਦਾ), ਸੰਪ੍ਰਦਾਨ ਕਾਰਕ; ਪੁਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਅਪਣਾ/ਆਪਣਾ; ਲਹਿੰਦੀ - ਆਪਣਾ/ਅਪਣੋ; ਅਪਭ੍ਰੰਸ਼ - ਅਪਨ/ਅੱਪਨ/ਅੱਪਅ (ਆਪਣਾ); ਪ੍ਰਾਕ੍ਰਿਤ - ਅੱਤਣਅ/ਅੱਪਣਯ (ਆਪਣਾ); ਸੰਸਕ੍ਰਿਤ - ਆਤ੍ਮਨਕ (आत्मनक - ਆਪਣਾ, ਨਿੱਜੀ)।

ਦਿਉਹਾੜੀ[43] = ਦਿਉਹਾੜ ਵਿਚ, ਦਿਨ ਵਿਚ।

ਨਾਂਵ, ਅਧਿਕਰਣ ਕਾਰਕ; ਪੁਲਿੰਗ, ਇਕਵਚਨ।

ਲਹਿੰਦੀ - ਦਿਹਾੜਾ/ਦਿਹਾੜੀ (ਦਿਨ); ਸਿੰਧੀ - ਡਿਹਾੜੋ (ਸਾਰਾ ਦਿਨ ਤੇ ਰਾਤ), ਡਿਹਾੜੀ (ਇਕ ਦਿਨ ਦੀ ਤਨਖਾਹ); ਅਪਭ੍ਰੰਸ਼ - ਦਿਅਹਡਾ/ਦਿਅਹਡਅ/ਦਿਹ/ਦਿਹਾ (ਦਿਨ); ਪ੍ਰਾਕ੍ਰਿਤ - ਦਿਵਸ/ਦਿਸ/ਦਿਣਸ; ਪਾਲੀ - ਦਿਵਸ (ਦਿਨ); ਸੰਸਕ੍ਰਿਤ - ਦਿਵਸ (दिवस - ਅਕਾਸ਼/ਸਵਰਗ; ਦਿਨ)।[44]

ਸਦ ਵਾਰ = ਸੈਂਕੜੇ ਵਾਰ; ਅਣਗਿਣਤ ਵਾਰੀ।

ਕਿਰਿਆ ਵਿਸ਼ੇਸ਼ਣ।

ਸਦ: ਫ਼ਾਰਸੀ - ਸਦ (ਸੌ) + ਵਾਰ: ਅਪਭ੍ਰੰਸ਼/ਪ੍ਰਾਕ੍ਰਿਤ - ਵਾਰ; ਸੰਸਕ੍ਰਿਤ - ਵਾਰਹ (वार: - ਵਾਰੀ, ਸਮਾਂ)।

ਜਿਨਿ = ਜਿਸ ਨੇ।

ਪੜਨਾਂਵ, ਕਰਤਾ ਕਾਰਕ; ਅਨ ਪੁਰਖ, ਪੁਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਜਿਨਿ; ਅਪਭ੍ਰੰਸ਼ - ਜਿਣਿ; ਪ੍ਰਾਕ੍ਰਿਤ - ਜੇਣ; ਸੰਸਕ੍ਰਿਤ - ਯੇਨ (येन - ਜਿਸ ਦੁਆਰਾ)।

ਮਾਣਸ = ਮਾਣਸਾਂ (ਤੋਂ), ਮਨੁਖਾਂ (ਤੋਂ)।

ਨਾਂਵ, ਅਪਾਦਾਨ ਕਾਰਕ; ਪੁਲਿੰਗ, ਬਹੁਵਚਨ।

---

[42] ਸੰਪ੍ਰਦਾਨ ਕਾਰਕ ਵਿਚ ਹੋਣ ਕਾਰਣ 'ਆਪਣੇ' ਲਾਂ ਸਹਿਤ ਹੈ ਅਤੇ 'ਗੁਰ' ਮੁਕਤਾ-ਅੰਤਕ ਹੈ ਜੋ ਕਿ ਸੰਬੰਧਕੀ ਪਦ 'ਵਿਟਹੁੰ' ਦਾ ਸੂਚਕ ਹੈ।

[43] ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਇਸ ਨੂੰ 'ਕਿਰਿਆ ਵਿਸ਼ੇਸ਼ਣ' ਲਿਖਿਆ ਹੈ।

[44] 'ੜ, ੜਾ, ੜੀ' ਪਿਛੇਤਰ ਪੁਰਾਤਨ ਪੰਜਾਬੀ ਵਿਚ ਬਹੁਤ ਪ੍ਰਯੋਗ ਕੀਤੇ ਜਾਂਦੇ ਸਨ। ਇਹ ਪਿਛੇਤਰ ਸੰਸਕ੍ਰਿਤ 'ਟ' (ट) ਤੋਂ ਅਪਭ੍ਰੰਸ਼ ਵਿਚ 'ਡ' (ड) ਅਤੇ ਪੁਰਾਤਨ ਪੰਜਾਬੀ ਵਿਚ 'ੜ' ਬਣ ਕੇ ਵਿਕਸਿਤ ਹੋਏ ਹਨ। ਦਰਾਵਿੜ ਅਤੇ ਰਾਜਸਥਾਨੀ ਬੋਲੀਆਂ ਵਿਚ 'ੜ' ਦਾ ਰੂਪ 'ਰ' ਵੀ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ 'ਦਿਹਾੜੀ/ਦਿਹਾੜੇ/ਦਿਹਾੜੈ' ਆਦਿ ਰੂਪਾਂ ਵਿਚ ਮਿਲਦਾ ਹੈ। ਇਨ੍ਹਾਂ ਸ਼ਬਦਾਂ ਦੇ ਲਿੰਗ ਭੇਦ ਬਾਰੇ ਅਜੇ ਪੂਰੀ ਸਪਸ਼ਟਤਾ ਨਹੀਂ ਹੋ ਸਕੀ। ਅਜੋਕੀ ਪੰਜਾਬੀ ਵਿਚ ਵੀ 'ਦਿਹਾੜਾ' (ਪੁਲਿੰਗ) ਅਤੇ 'ਦਿਹਾੜੀ' (ਇਸਤਰੀ ਲਿੰਗ - 'ਦਿਨ ਦੀ ਮਜ਼ਦੂਰੀ ਵਜੋਂ') ਦੋਵੇਂ ਰੂਪ ਪ੍ਰਚਲਤ ਹਨ।

ਪੁਰਾਤਨ ਪੰਜਾਬੀ - ਮਾਣਸ; ਅਪਭ੍ਰੰਸ਼ - ਮਾਨੁਸ/ਮਨੁਸ; ਪ੍ਰਾਕ੍ਰਿਤ - ਮਣੂਸ/ਮਾਣੂਸ; ਪਾਲੀ - ਮਨੁਸ (ਨਰ); ਸੰਸਕ੍ਰਿਤ - ਮਨੁਸ਼ਹ (ਸਨੁਸ਼: - ਮਨੁਖ; ਨਰ)।[45]

ਤੇ = ਤੋਂ।

ਸੰਬੰਧਕ।

ਪੁਰਾਤਨ ਪੰਜਾਬੀ/ਅਪਭ੍ਰੰਸ਼ - ਤੇ; ਪ੍ਰਾਕ੍ਰਿਤ - ਤੱਤੋ (ਉਸ ਤੋਂ, ਉਸ ਲਈ); ਪਾਲੀ - ਤਤੋ (ਉਥੇ, ਉਸ ਨਾਲ, ਉਸ ਲਈ); ਸੰਸਕ੍ਰਿਤ - ਤਤਸ੍ (ਤਤਸ੍ - ਉਸ ਤੋਂ)।

ਦੇਵਤੇ = ਦੇਵਤੇ; ਦੈਵੀ ਗੁਣ ਭਰਪੂਰ ਗਿਆਨਵਾਨ ਮਨੁਖ।

ਨਾਂਵ, ਕਰਮ ਕਾਰਕ; ਪੁਲਿੰਗ, ਬਹੁਵਚਨ।

ਪਾਲੀ - ਦੇਵਤਾ (ਦੇਵ, ਦੇਵਤਾ); ਸੰਸਕ੍ਰਿਤ - ਦੇਵਤਾ (ਦੇਵਤਾ - ਦੈਵੀ ਗੁਣ ਭਰਪੂਰ ਹਸਤੀ, ਦੈਵੀ ਪ੍ਰਤਿਸ਼ਟਾ, ਦੇਵ ਮੂਰਤੀ, ਦੇਵੱਤਵ, ਇੰਦਰ ਆਦਿ)।

ਕੀਏ = ਕੀਤੇ, ਕਰ ਦਿਤੇ; ਬਣਾ ਦਿਤੇ।

ਕਿਰਿਆ, ਭੂਤਕਾਲ; ਅਨ ਪੁਰਖ, ਪੁਲਿੰਗ, ਬਹੁਵਚਨ।

ਬ੍ਰਜ/ਰਾਜਸਥਾਨੀ - ਕੀਆ/ਕੀਏ; ਅਪਭ੍ਰੰਸ਼ - ਕੀਅ/ਕੀਅਆ; ਪ੍ਰਾਕ੍ਰਿਤ - ਕਰੀਇ; ਸੰਸਕ੍ਰਿਤ - ਕ੍ਰਿਤਹ (कृतः - ਕੀਤਾ)।[46]

ਕਰਤ = ਕਰਦਿਆਂ।

ਵਰਤਮਾਨ ਕਿਰਦੰਤ (ਕਿਰਿਆ ਵਿਸ਼ੇਸ਼ਣ)।

ਬ੍ਰਜ - ਕਰਤ; ਅਪਭ੍ਰੰਸ਼ - ਕਰਤ (ਕਰਦੇ ਹੋਏ)[47]; ਪ੍ਰਾਕ੍ਰਿਤ - ਕਰ; ਸੰਸਕ੍ਰਿਤ - ਕ੍ਰਿ (कृ - ਕਰਨਾ)।

ਨ = ਨਾ, ਨਹੀਂ।

ਨਿਪਾਤ।

---

[45] ਸੰਸਕ੍ਰਿਤ ਦਾ ਮੂਰਧਨ 'ਸ਼' (ष) ਲੌਕਿਕ ਬੋਲੀਆਂ ਵਿਚ ਦੋ ਰੂਪ ਧਾਰਨ ਕਰਦਾ ਹੈ। ਪਾਲੀ ਤੇ ਪ੍ਰਾਕ੍ਰਿਤ ਵਿਚ ਇਹ ਜ਼ਿਆਦਾਤਰ 'ਸ' ਵਿਚ ਤਬਦੀਲ ਹੁੰਦਾ ਹੈ, ਜਿਸ ਕਾਰਣ ਇਨ੍ਹਾਂ ਭਾਸ਼ਾਵਾਂ ਵਿਚ ਲਗਭਗ 'ਸ਼' ਦੀ ਹੋਂਦ ਹੀ ਸਮਾਪਤ ਹੋ ਜਾਂਦੀ ਹੈ। ਅਪਭ੍ਰੰਸ਼ ਦੇ ਸ਼ੌਰਸੈਨੀ ਖੇਤਰ ਵਿਚ ਇਹ 'ਖ' ਰੂਪ ਵਿਚ ਬਦਲ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਸਮੇਤ ਸਮੁੱਚੇ ਮਧਕਾਲੀ ਸਾਹਿਤ ਵਿਚ ਇਹ ਦੋਵੇਂ ਪ੍ਰਵਿਰਤੀਆਂ ਮਿਲਦੀਆਂ ਹਨ। ਸੰਸਕ੍ਰਿਤ ਤੋਂ ਪੂਰਵ 'ਵੈਦਿਕ' ਭਾਸ਼ਾ ਵਿਚ ਵੀ (ष) ਨੂੰ 'ਖ' ਵਾਂਗ ਹੀ ਉਚਾਰਿਆ ਜਾਂਦਾ ਸੀ।

[46] ਆਮ ਤੌਰ 'ਤੇ, ਬ੍ਰਜ ਵਿਆਕਰਣ ਵਿਚ ਧਾਤੂ ਦੇ ਅੰਤ 'ਆ, ਏ' (आ, ए) ਲਗਾ ਕੇ ਭੂਤ ਕਿਰਦੰਤ ਬਨਾਉਣ ਦੀ ਪ੍ਰਥਾ ਹੈ। ਅਜੋਕੀ ਹਿੰਦੀ ਦੇ ਸਾਹਿਤਕ ਰੂਪ ਵਿਚ ਇਹ ਭੂਤ ਕਿਰਦੰਤ ਅਜੇ ਵੀ ਵਰਤੋਂ ਵਿਚ ਹਨ।

[47] ਇਥੇ ਕਿਰਿਆ ਮੂਲ 'ਕਰ' ਦੇ ਅੰਤ 'ਤ' ਜੋੜ ਕੇ ਵਰਤਮਾਨ ਕਿਰਦੰਤ ਬਣਾਇਆ ਗਿਆ ਹੈ। ਅਪਭ੍ਰੰਸ਼ 'ਪਾਹੁਡ-ਦੋਹਾ' ਵਿਚ ਇਸ ਦਾ ਪ੍ਰਯੋਗ ਉਪਰੋਕਤ ਵਿਆਕਰਣਕ ਸ਼ੈਲੀ ਅਧੀਨ ਬਹੁਤ ਮਿਲਦਾ ਹੈ। ਹਿੰਦੀ ਵਿਚ ਅਜ ਵੀ ਇਸੇ ਤਰ੍ਹਾਂ ਕਿਰਿਆ ਮੂਲ ਦੇ ਅੰਤ 'ਤ' ਜੋੜ ਕੇ ਵਰਤਮਾਨ ਕਿਰਦੰਤ ਬਣਾਇਆ ਜਾਂਦਾ ਹੈ।

ਪੁਰਾਤਨ ਪੰਜਾਬੀ - ਨਾ/ਨ; ਮਾਰਵਾੜੀ/ਅਵਧੀ/ਲਹਿੰਦੀ/ਸਿੰਧੀ/ਕਸ਼ਮੀਰੀ/ਅਪਭ੍ਰੰਸ਼ - ਨ; ਪ੍ਰਾਕ੍ਰਿਤ - ਣਅ/ਣਾ; ਪਾਲੀ - ਨ/ਨਾ; ਸੰਸਕ੍ਰਿਤ - ਨਹ (ਨ: - ਨਹੀਂ, ਨਿਖੇਧ-ਬੋਧਕ)।[48]

ਲਾਗੀ = ਲਗੀ।

ਕਿਰਿਆ, ਭੂਤ ਕਾਲ; ਅਨ ਪੁਰਖ, ਇਸਤਰੀ ਲਿੰਗ, ਇਕਵਚਨ।

ਬ੍ਰਜ - ਲਾਗਨਾ/ਲਗਨਾ (ਨਾਲ ਲੱਗੇ ਰਹਿਣਾ); ਪੁਰਾਤਨ ਅਵਧੀ - ਲਾਗਇ (ਨਾਲ ਲਗਦਾ ਹੈ, ਮਹਿਸੂਸ ਕੀਤਾ ਜਾਂਦਾ ਹੈ); ਲਹਿੰਦੀ - ਲੱਗਣ; ਸਿੰਧੀ - ਲਗਣੁ (ਲਗਣਾ/ਜੁੜਣਾ); ਪ੍ਰਾਕ੍ਰਿਤ - ਲੱਗਇ (ਛੂੰਹਦਾ ਹੈ/ਨਾਲ ਲਗਦਾ ਹੈ); ਪਾਲੀ - ਲੱਗਤਿ; ਸੰਸਕ੍ਰਿਤ - ਲਗਯਤਿ (लगयति - ਲਗਦਾ ਹੈ/ਜੁੜਦਾ ਹੈ)।

ਵਾਰ[49] = ਸਮਾਂ; ਦੇਰ।

ਕਿਰਿਆ ਵਿਸ਼ੇਸ਼ਣ।

ਅਪਭ੍ਰੰਸ਼ - ਵਾਰ (ਵੇਲਾ, ਕੋਈ ਨੀਅਤ ਸਮਾਂ, ਅਵਸਰ, ਵਾਰੀ; ਚਿਰ); ਪ੍ਰਾਕ੍ਰਿਤ - ਵਾਰ; ਪਾਲੀ - ਵਾਰ (ਸਮਾਂ, ਵਾਰੀ); ਸੰਸਕ੍ਰਿਤ - ਵਾਰਹ (वार: - ਨੀਅਤ ਸਮਾਂ, ਆਪਣੀ ਵਾਰੀ, ਹਫ਼ਤੇ ਦਾ ਦਿਨ)।

॥੧॥ = ਪਹਿਲਾ ਸਲੋਕ ਸੰਪੂਰਨ।

ਕਾਵਿਕ ਪਖ

ਇਸ ਸਲੋਕ ਵਿਚ 'ਲੋਕੋਕਤੀ ਅਲੰਕਾਰ'[50] ਹੈ। ਇਥੇ 'ਬਲਿਹਾਰੀ ਜਾਣਾ', 'ਦਿਹਾੜੀ', 'ਸੌ ਵਾਰ', 'ਮਨੁਖ ਤੋਂ ਦੇਵਤਾ ਕਰਨਾ', ਅਤੇ 'ਜ਼ਰਾ ਵੀ ਦੇਰ ਨਾ ਲਗਣੀ' ਵਰਗੇ ਲੋਕ-ਕਥਨਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਹ ਉਹ ਲੋਕ-ਕਥਨ ਹਨ, ਜਿਨ੍ਹਾਂ ਦੀ ਲੋਕਾਈ ਵੱਲੋਂ ਕਾਫ਼ੀ ਵੱਧ ਵਰਤੋਂ ਕੀਤੀ ਜਾਂਦੀ ਸੀ/ਹੈ।

ਪਹਿਲੀ ਤੁਕ ਵਿਚ 'ਆਪਣੇ ਗੁਰ ਬਲਿਹਾਰੀ' ਦੀ ਥਾਂ 'ਬਲਿਹਾਰੀ ਗੁਰ ਆਪਣੇ' ਕਿਹਾ ਗਿਆ ਹੈ। 'ਬਲਿਹਾਰੀ' ਸ਼ਬਦ ਦੀ ਤੁਕ ਦੇ ਅਰੰਭ ਵਿਚ ਕੀਤੀ ਗਈ ਵਰਤੋਂ ਮੁਰੀਦ ਦੀ ਆਪਣੇ ਗੁਰੂ ਤੋਂ ਬਲਿਹਾਰ ਜਾਣ ਦੀ ਤੀਬਰ ਤੇ ਬਲਵਾਨ ਅਭਿਲਾਖਾ ਨੂੰ ਪ੍ਰਗਟ ਕਰਦੀ ਹੈ।[51]

'ਸਦ ਵਾਰ' (ਸੈਂਕੜੇ ਵਾਰ) ਵਾਕੰਸ਼ ਵੀ ਵਿਸ਼ੇਸ਼ ਅਰਥਾਂ ਦਾ ਲਖਾਇਕ ਹੈ। ਜਿਥੇ 'ਸੌ' ਵਡੇਰੀ ਸੰਖਿਆ ਨੂੰ ਚਿਹਨਤ ਕਰਦਾ ਹੈ, ਉਥੇ ਇਸ ਦਾ ਸੰਬੰਧ ਸੰਪੂਰਨਤਾ ਨਾਲ ਵੀ ਜੁੜਦਾ ਹੈ। ਇਸੇ ਲਈ ਪ੍ਰਤੀਸ਼ਤ ਵੀ ਸੌ ਵਿਚੋਂ ਹੀ ਕਢਿਆ ਜਾਂਦਾ ਹੈ। 'ਸਦਵਾਰ' ਦਾ ਇਥੇ ਪ੍ਰਯੋਗ ਇਸੇ ਸੰਪੂਰਨਤਾ ਦੇ ਅਰਥਾਂ ਵਿਚ ਹੀ ਕੀਤਾ ਗਿਆ ਜਾਪਦਾ ਹੈ ਅਤੇ ਇਸੇ ਭਾਵਨਾ ਅਧੀਨ ਹੀ ਇਸ ਸ਼ਬਦ ਰਾਹੀਂ ਮੁਰੀਦ ਦੀ ਆਪਣੇ ਗੁਰੂ ਤੋਂ ਸੌ-ਪ੍ਰਤੀਸ਼ਤ ਸੰਪੂਰਨਤਾ ਨਾਲ ਬਲਿਹਾਰ ਜਾਣ ਦੀ ਮੂਲ ਅਭਿਲਾਖਾ ਪ੍ਰਗਟ ਹੋ ਰਹੀ ਹੈ।

---

[48] ਗੁਰੂ ਗ੍ਰੰਥ ਸਾਹਿਬ ਵਿਚ ਬੇਸ਼ਕ 'ਨ' ਅਤੇ 'ਨਾ' ਦੋਵੇਂ ਹੀ ਰੂਪ ਵਰਤੇ ਗਏ ਹਨ, ਪਰ ਇਨ੍ਹਾਂ ਵਿਚਲਾ ਅੰਤਰ ਕੇਵਲ ਕਾਵਿਕ ਹੀ ਹੈ, ਕਿਉਂਕਿ 'ਨ' ਇਕ ਮਾਤ੍ਰਕ ਅਤੇ 'ਨਾ' ਦੋ ਮਾਤ੍ਰਕ ਸ਼ਬਦ ਹੈ।

[49] ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਇਹ ਲਫ਼ਜ਼ ਕਿਰਿਆ ਵਿਸ਼ੇਸ਼ਣ ਰੂਪ ਵਿਚ ਮੁਕਤਾ-ਅੰਤਕ ਹੀ ਆਉਂਦਾ ਹੈ।

[50] ਜਦੋਂ ਕਾਵਿ ਵਿਚ ਲੋਕ ਕਥਨਾਂ ਜਾਂ ਲੋਕ ਕਹਾਵਤਾਂ ਦਾ ਉਪਯੋਗ ਕੀਤਾ ਜਾਂਦਾ ਹੈ, ਤਾਂ ਉਥੇ ਲੋਕੋਕਤੀ ਅਲੰਕਾਰ ਹੁੰਦਾ ਹੈ।

[51] ਵਾਕ ਦੀ ਆਮ ਤਰਤੀਬ ਵਿਚ ਹੋਈ ਇਸ ਵਿਆਕਰਣਕ ਤਬਦੀਲੀ ਨੂੰ ਵਾਕ ਪੱਧਰੀ ਵਿਚਲਨ ਕਿਹਾ ਜਾਂਦਾ ਹੈ।

ਆਮ ਤੌਰ 'ਤੇ ਮਨੁਖ ਨੂੰ ਨੀਵਾਂ ਅਤੇ ਦੇਵਤਿਆਂ ਨੂੰ ਉਤਮ ਅਥਵਾ ਉੱਚਾ ਮੰਨਿਆ ਜਾਂਦਾ ਹੈ। ਇਸੇ ਲਈ ਕਿਸੇ ਚੰਗੇ ਮਨੁਖ ਨੂੰ 'ਦੇਵਤਾ' ਕਹਿ ਕੇ ਵਡਿਆਇਆ ਵੀ ਜਾਂਦਾ ਹੈ। 'ਜਿਨਿ ਮਾਣਸ ਤੇ ਦੇਵਤੇ ਕੀਏ' ਵਿਚ 'ਮਾਣਸ' ਅਤੇ 'ਦੇਵਤੇ' ਦੀ ਵਰਤੋਂ ਗੁਰੂ ਦੀ ਉਸ ਸਮਰੱਥਾ ਨੂੰ ਪ੍ਰਗਟ ਕਰਦੀ ਹੈ ਜਿਸ ਰਾਹੀਂ ਗੁਰੂ ਮਨੁਖ ਦੀਆਂ ਸਾਰੀਆਂ ਕਮੀਆਂ ਨੂੰ ਦੂਰ ਕਰਕੇ ਉਸ ਵਿਚ ਅਨੰਤ ਸੰਭਾਵਨਾਵਾਂ ਅਤੇ ਚੰਗਿਆਈਆਂ ਪੈਦਾ ਕਰ ਦਿੰਦਾ ਹੈ। 'ਕਰਤ ਨਾ ਲਾਗੀ ਵਾਰ' ਦੇ ਫਰਮਾਨ ਅਨੁਸਾਰ ਕਿਉਂਕਿ ਗੁਰੂ ਨੂੰ 'ਮਨੁਖ' ਤੋਂ 'ਦੇਵਤੇ' ਬਨਾਉਣ ਵਿਚ ਬਿਲਕੁਲ ਵੀ ਦੇਰ ਨਹੀਂ ਲਗਦੀ। ਇਸ ਲਈ ਇਹ ਕਥਨ ਵੀ ਗੁਰੂ ਦੀ ਸਮਰੱਥਾ, ਉਸ ਦੀ ਨਿਮਰਤਾ ਅਤੇ ਆਪਣੇ ਸਿਖ ਪ੍ਰਤੀ ਉਸ ਦੇ ਅਨੰਤ ਸਨੇਹ ਅਤੇ ਅਪਣਤ ਦੇ ਭਾਵ ਨੂੰ ਪ੍ਰਗਟ ਕਰਦਾ ਹੈ। ਗੁਰੂ ਜੀਵਨ ਦਾ ਸਾਰਾ ਅਨੁਭਵ ਅਤੇ ਸਮੁੱਚਾ ਗਿਆਨ ਖਿਣ ਭਰ ਵਿਚ ਸਿਖ ਨੂੰ ਦੇ ਦਿੰਦਾ ਹੈ ਅਤੇ ਉਸ ਨੂੰ ਆਪਣੇ ਵਰਗਾ ਬਣਾ ਲੈਂਦਾ ਹੈ।[52]

ਇਸ ਸਲੋਕ ਵਿਚ ਗੁਰੂ ਸਾਹਿਬ ਨੇ 'ਵਾਰ' ਸ਼ਬਦ ਦੀ ਸਹਿਜ ਰੂਪ ਵਿਚ ਦੋ ਥਾਂਵਾਂ 'ਤੇ ਵਰਤੋਂ ਕਰਕੇ ਯਮਕ ਅਲੰਕਾਰ[53] ਰਾਹੀਂ ਕਾਵਿ ਸੁੰਦਰਤਾ ਨੂੰ ਵੀ ਨਿਭਾਇਆ ਹੈ। ਇਸ ਸਲੋਕ ਵਿਚ 'ਵਾਰ' ਸ਼ਬਦ ਦੀ ਦੋਵੇਂ ਥਾਂਵਾਂ 'ਤੇ ਕੀਤੀ ਗਈ ਵਰਤੋਂ ਭਿੰਨ-ਭਿੰਨ ਅਰਥਾਂ ਦੀ ਲਖਾਇਕ ਹੈ। ਪਹਿਲੇ 'ਵਾਰ' ਦਾ ਅਰਥ 'ਵਾਰੀ' ਹੈ, ਜਦਕਿ ਦੂਜੇ 'ਵਾਰ' ਦਾ ਅਰਥ 'ਦੇਰ' ਹੈ।

ਇਸ ਸਲੋਕ ਦਾ ਮਾਤਰਾ ਵਿਧਾਨ ੧੩+੧੧ ਹੈ। ਦੂਜੀ ਤੁਕ ਵਿਚ ੧੩(੪)+੧੧ ਮਾਤਰਾਵਾਂ ਹਨ। ਇਥੇ ਚਾਰ ਮਾਤਰਾਵਾਂ ਵੱਧ ਹੋਣ 'ਤੇ ਵੀ ਇਸ ਨੂੰ ਦੋਹਰਾ ਛੰਦ ਅਧੀਨ ਰਖਿਆ ਜਾ ਸਕਦਾ ਹੈ।

ਮਹਲਾ ੨ ॥
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥

ਅਰਥ

ਮਹਲਾ ਦੂਜਾ।

ਜੇ ਸੈਂਕੜੇ ਚੰਦ ਉਗ ਪੈਣ, ਸੂਰਜ ਚੜ੍ਹ ਜਾਣ ਹਜ਼ਾਰਾਂ। ਏਨੇ ਚਾਨਣ-ਸ੍ਰੋਤ ਹੁੰਦਿਆਂ (ਵੀ), ਗੁਰੂ ਬਿਨਾਂ ਘੁਪ ਹਨ੍ਹੇਰ (ਹੀ ਰਹਿੰਦਾ) ਹੈ।

ਮਹਲਾ ਦੂਜਾ, ਭਾਵ ਗੁਰੂ ਅੰਗਦ ਸਾਹਿਬ, ਦੁਆਰਾ ਉਚਾਰਣ ਕੀਤਾ ਸਲੋਕ।
ਭਾਵੇਂ ਅਕਾਸ਼ ਵਿਚ ਸੈਂਕੜੇ ਚੰਨ ਵੀ ਉਦੈ ਹੋ ਜਾਣ ਤੇ ਹਜ਼ਾਰਾਂ ਸੂਰਜ ਵੀ ਚੜ੍ਹ ਪੈਣ; ਏਨੇ ਬਾਹਰ-ਮੁਖੀ ਚਾਨਣ ਕਰਨ ਵਾਲੇ ਸ੍ਰੋਤਾਂ ਦੇ ਹੁੰਦਿਆਂ ਹੋਇਆਂ ਵੀ, ਗੁਰ-ਉਪਦੇਸ਼ ਕਮਾਏ ਬਿਨਾਂ ਮਨੁਖੀ ਮਨ ਵਿਚ ਅਗਿਆਨਤਾ ਦਾ ਘੁੱਪ ਹਨ੍ਹੇਰਾ ਹੀ ਛਾਇਆ ਰਹਿੰਦਾ ਹੈ।

ਪਦ ਅਰਥ

ਜੇ = ਜੇ, ਜੇਕਰ, ਭਾਵੇਂ।

---

[52] ਗੁਰਸਿਖ ਦੇਵੀ ਦੇਵ ਜਠੇਰੇ ਭਾਇਆ। ਗੁਰਸਿਖ ਮਾਂ ਪਿਉ ਵੀਰ ਕੁਟੰਬ ਸਬਾਇਆ। -ਭਾਈ ਗੁਰਦਾਸ ਜੀ, ਵਾਰ ੨੦ ਪਉੜੀ ੭

[53] ਜਦੋਂ ਕੋਈ ਸ਼ਬਦ ਜਾਂ ਸ਼ਬਦ-ਸਮੂਹ ਦੋ ਵਾਰ ਆਉਂਦਾ ਹੈ ਅਤੇ ਦੋਵਾਂ ਥਾਵਾਂ ਤੇ ਉਸ ਦਾ ਅਰਥ ਵਖ-ਵਖ ਹੁੰਦਾ ਹੈ, ਤਾਂ ਉਥੇ ਯਮਕ ਅਲੰਕਾਰ ਹੁੰਦਾ ਹੈ।

ਯੋਜਕ।

ਸਿੰਧੀ - ਜੇ (ਜੇਕਰ); ਬ੍ਰਜ - ਜੇ (ਇਹ); ਅਪਭ੍ਰੰਸ਼/ਪ੍ਰਾਕ੍ਰਿਤ - ਜਇ; ਪਾਲੀ - ਜਦਿ; ਸੰਸਕ੍ਰਿਤ - ਯਦਿ (यदि - ਜੇ, ਜੇਕਰ)।

ਸਉ = ਸੌ, ਸੈਂਕੜੇ।

ਵਿਸ਼ੇਸ਼ਣ (ਚੰਦਾ ਦਾ), ਕਰਤਾ ਕਾਰਕ; ਪੁਲਿੰਗ, ਬਹੁਵਚਨ।

ਪੁਰਾਤਨ ਪੰਜਾਬੀ/ਬ੍ਰਜ/ਅਪਭ੍ਰੰਸ਼ - ਸਉ; ਪ੍ਰਾਕ੍ਰਿਤ - ਸਯ; ਸੰਸਕ੍ਰਿਤ - ਸ਼ਤ੍ (शत् - ਸੌ)।

ਚੰਦਾ = ਚੰਦ, ਚੰਨ, ਚੰਦਰਮਾ।

ਨਾਂਵ, ਕਰਤਾ ਕਾਰਕ; ਪੁਲਿੰਗ, ਬਹੁਵਚਨ।

ਅਪਭ੍ਰੰਸ਼ - ਚੰਦੁ/ਚੰਦਾ; ਪ੍ਰਾਕ੍ਰਿਤ - ਚੰਦ; ਪਾਲੀ - ਚੰਦ (ਚੰਦ); ਸੰਸਕ੍ਰਿਤ - ਚੰਦ੍ਰਹ (चन्द्रः - ਚਮਕਦਾਰ, ਚੰਦ)।

ਉਗਵਹਿ = ਉਗ ਪੈਣ, ਉਦੈ ਹੋ ਜਾਣ।

ਕਿਰਿਆ, ਸੰਭਾਵ ਭਵਿਖਤ ਕਾਲ; ਅਨ ਪੁਰਖ, ਪੁਲਿੰਗ, ਬਹੁਵਚਨ।

ਅਪਭ੍ਰੰਸ਼ - ਉੱਗਵਹਿੰ/ਉਗਵਹਿ; ਪ੍ਰਾਕ੍ਰਿਤ - ਉੱਗਵੰਤੁ (ਉਗਦੇ ਹਨ); ਸੰਸਕ੍ਰਿਤ - ਉਦਗੰਤਿ (उदगन्ति - ਸਾਹਮਣੇ ਆਉਂਦੇ ਹਨ, ਉਗਦੇ ਹਨ)।

ਸੂਰਜ = ਸੂਰਜ।

ਨਾਂਵ, ਕਰਤਾ ਕਾਰਕ; ਪੁਲਿੰਗ, ਬਹੁਵਚਨ।

ਬ੍ਰਜ/ਅਪਭ੍ਰੰਸ਼/ਪ੍ਰਾਕ੍ਰਿਤ - ਸੂਰਜ; ਸੰਸਕ੍ਰਿਤ - ਸੂਰਯ (सूर्य - ਸੂਰਜ)।

ਚੜਹਿ = ਚੜ੍ਹ ਜਾਣ, ਚੜ੍ਹ ਪੈਣ।[54]

ਕਿਰਿਆ, ਸੰਭਾਵ ਭਵਿਖਤ ਕਾਲ; ਅਨ ਪੁਰਖ, ਪੁਲਿੰਗ, ਬਹੁਵਚਨ।

ਲਹਿੰਦੀ - ਚੜ੍ਹਣ; ਸਿੰਧੀ - ਚਢਣੁ (ਉਗਣਾ, ਚੜ੍ਹਣਾ); ਅਪਭ੍ਰੰਸ਼ - ਚਡਇ; ਪ੍ਰਾਕ੍ਰਿਤ - ਚਡਇ; ਸੰਸਕ੍ਰਿਤ - ਚਢਤਿ (चढति - ਉਗਦਾ ਹੈ, ਚੜ੍ਹਦਾ ਹੈ)।

ਹਜਾਰ = ਹਜ਼ਾਰ, ਹਜ਼ਾਰਾਂ।

ਵਿਸ਼ੇਸ਼ਣ (ਸੂਰਜ ਦਾ), ਕਰਤਾ ਕਾਰਕ; ਪੁਲਿੰਗ, ਬਹੁਵਚਨ।

ਪੁਰਾਤਨ ਪੰਜਾਬੀ/ਬ੍ਰਜ - ਹਜਾਰ; ਫ਼ਾਰਸੀ - ਹਜ਼ਾਰ।

ਏਤੇ = ਏਨੇ।

---

[54] ਇਥੇ 'ਉਗਵਹਿ' ਅਤੇ 'ਚੜਹਿ' ਕਿਰਿਆਵਾਂ ਧਿਆਨ ਮੰਗਦੀਆਂ ਹਨ। 'ਚੜ' ਅਤੇ 'ਉਗ' ਧਾਤੂਆਂ ਨਾਲ ਲਗਾ 'ਅਹਿ' ਅਨ ਪੁਰਖ, ਬਹੁਵਚਨ, ਕਰਤਰੀ ਵਾਚ ਦੀ ਸੰਭਾਵ ਭਵਿਖਤ ਕਾਲ, ਦੀ ਕਿਰਿਆ ਦਾ ਸੂਚਕ ਹੈ। ਇ**ਨ੍ਹਾਂ** ਕਿਰਿਆਵਾਂ ਦਾ ਅਰਥ ਕ੍ਰਮ ਅਨੁਸਾਰ 'ਭਾਵੇਂ ਉਗ ਪੈਣ, ਭਾਵੇਂ ਚੜ੍ਹ ਜਾਣ' ਹੈ। ਇਨ੍ਹਾਂ ਨੂੰ ਸੰਭਾਵ ਭਵਿਖਤ ਵਿਚ ਹੀ ਅਰਥਾਉਣਾ ਵਧੇਰੇ ਢੁਕਵਾਂ ਹੈ।

ਵਿਸ਼ੇਸ਼ਣ (ਚਾਨਣ ਦਾ), ਕਰਮ ਕਾਰਕ; ਪੁਲਿੰਗ, ਬਹੁਵਚਨ।
ਪੁਰਾਤਨ ਪੰਜਾਬੀ - ਏਤਾ/ਏਤੇ; ਅਪਭ੍ਰੰਸ਼ - ਇੱਤਅ/ਏਤਉ/ਏੱਤਯ (ਇੰਨਾ) ਏੱਤੇ (ਇੰਨੇ); ਪ੍ਰਾਕ੍ਰਿਤ - ਇੱਤਾ/ਏੱਤਾ/ਏੱਤਿਅ; ਪਾਲੀ - ਏੱਤਕ (ਇੰਨਾ); ਸੰਸਕ੍ਰਿਤ - ਇਯੱਤਾ (इयत्ता - ਇੰਨਾਂ, ਇਤਨਾ)।

ਚਾਨਣ = ਚਾਨਣ-ਸ੍ਰੋਤ, ਚਾਨਣ ਕਰਨ ਵਾਲੇ ਸ੍ਰੋਤ।
ਨਾਂਵ, ਕਰਮ ਕਾਰਕ; ਪੁਲਿੰਗ, ਬਹੁਵਚਨ।
ਲਹਿੰਦੀ - ਚਾਨ੍ਹਣ/ਚਾਨਣਾ (ਲੋਅ, ਪ੍ਰਕਾਸ਼, ਚਾਨਣ); ਸਿੰਧੀ - ਚਾਣਡਰਿਣੀ/ਚਾਣਡਰਾਣੀ/ਚਾਣਡਰਾਣੂ; ਅਪਭ੍ਰੰਸ਼ - ਚਾਂਦਨ; ਪ੍ਰਾਕ੍ਰਿਤ - ਚਾਂਦਿਣ; ਸੰਸਕ੍ਰਿਤ - ਚਾਂਦ੍ਰਣ (चान्द्रण - ਚੰਦ ਦੀ ਚਾਨਣੀ, ਚੰਦ ਦਾ ਪ੍ਰਕਾਸ਼)।

ਹੋਦਿਆਂ = ਹੁੰਦਿਆਂ, ਹੁੰਦਿਆਂ ਹੋਇਆਂ।
ਵਰਤਮਾਨ ਕਿਰਦੰਤ (ਕਿਰਿਆ ਵਿਸ਼ੇਸ਼ਣ) /
ਪੁਰਾਤਨ ਪੰਜਾਬੀ - ਹੋਦਿਆਂ; ਅਪਭ੍ਰੰਸ਼ - ਹੋਨ੍ਤੇ; ਪ੍ਰਾਕ੍ਰਿਤ - ਹੁਇ/ਭਵਇ; ਸੰਸਕ੍ਰਿਤ - ਭਵਤਿ (भवति - ਹੁੰਦਾ ਹੈ)।[55]

ਗੁਰ = ਗੁਰ (ਬਿਨਾਂ), ਗੁਰੂ (ਬਗੈਰ); ਗੁਰ-ਉਪਦੇਸ਼ (ਕਮਾਏ ਬਿਨਾਂ)।
ਨਾਂਵ, ਕਰਮ ਕਾਰਕ; ਪੁਲਿੰਗ, ਇਕਵਚਨ।
ਅਪਭ੍ਰੰਸ਼ - ਗੁਰੁ (ਵਡਾ, ਮਹਾਨ; ਅਧਿਆਪਕ); ਪ੍ਰਾਕ੍ਰਿਤ - ਗੁਰੁ/ਗੁਰੁਅ (ਭਾਰੀ; ਅਧਿਆਪਕ); ਪਾਲੀ - ਗੁਰੁ (ਅਧਿਆਪਕ); ਸੰਸਕ੍ਰਿਤ - ਗੁਰੁ (गुरु - ਭਾਰੀ, ਦੀਰਘ; ਅਧਿਆਪਕ, ਅਧਿਆਤਮਕ ਮੁਰਸ਼ਦ)।

ਬਿਨੁ[56] = ਬਿਨਾਂ, ਬਗੈਰ।
ਸੰਬੰਧਕ।
ਪੁਰਾਤਨ ਅਵਧੀ/ਮੈਥਿਲੀ/ਨੇਪਾਲੀ - ਬਿਨੁ; ਅਪਭ੍ਰੰਸ਼ - ਵਿਣੁ; ਪ੍ਰਾਕ੍ਰਿਤ - ਵਿਣਾ; ਸੰਸਕ੍ਰਿਤ - ਵਿਨਾ (विना - ਬਿਨਾਂ)।

ਘੋਰ[57] = ਘੁਪ।

---

[55] ਅਜਕਲ 'ਹੋਦਾ, ਹੋਦੇ, ਹੋਦਿਆਂ' ਆਦਿ ਦੇ ਰੂਪ 'ਹੁੰਦਾ, ਹੁੰਦੇ, ਹੁੰਦਿਆਂ' ਆਦਿ ਪ੍ਰਚਲਤ ਹਨ।

[56] "ਸੰਸਕ੍ਰਿਤ ਦਾ 'ਵਿਨਾ' ਕਰਮ ਕਾਰਕ, ਕਰਣ ਕਾਰਕ ਅਤੇ ਅਪਾਦਾਨ ਕਾਰਕ ਨਾਲ ਵਰਤਿਆ ਜਾਂਦਾ ਹੈ। ਅੱਜ ਕਲ੍ਹ ਦੀ ਪੰਜਾਬੀ ਵਿਚ ਭੀ 'ਬਿਨਾਂ' ਅਪਾਦਾਨ ਕਾਰਕ ਨਾਲ ਵਰਤੀਦਾ ਹੈ; ਜਿਵੇਂ 'ਤੈਥੋਂ ਬਿਨਾਂ'। ਪੁਰਾਤਨ ਪੰਜਾਬੀ ਵਿਚ ਇਸ ਦੀ ਵਰਤੋਂ 'ਕਰਮ ਕਾਰਕ' ਨਾਲ ਮਿਲਦੀ ਹੈ। ਪੁਲਿੰਗ ਮੁਕਤਾ -ਅੰਤਕ ਸ਼ਬਦ ਦੇ ਕਰਮ ਕਾਰਕ ਦੇ ਚਿਹਨ (ੁ, ੈ, ਹਿ) ਹਨ; ਇਹਨਾਂ ਵਿਚੋਂ ਪਿਛਲੇ ਦੋ ਚਿਹਨਾਂ ਵਾਲੇ ਕਰਮ ਕਾਰਕਾਂ ਦੀ ਵਰਤੋਂ ਸੰਬੰਧਕ 'ਬਿਨਾ' ਨਾਲ ਕੀਤੀ ਹੋਈ ਮਿਲਦੀ ਹੈ। ਵੇਖੋ: ਬਿਨ 'ਬਾਦ ਬਿਰੋਧਹਿ' ਕੋਈ ਨਾਹੀ॥੯॥੫॥ ਪ੍ਰਣਵਤਿ ਨਾਮਦੇਉ 'ਨਾਕਹਿ' ਬਿਨਾ॥੩॥੨॥ ਵਿਣੁ 'ਨਾਵੈ' ਗਥੁ ਗਇਆ ਗਵਾਏ॥੯॥੭॥ ਬਿਨੁ 'ਨਾਵੈ' ਕਿਆ ਟੇਕ ਟਿਕੀਜੈ॥੧੧॥" -ਪ੍ਰੋ. ਸਾਹਿਬ ਸਿੰਘ, ਗੁਰਬਾਣੀ ਵਿਆਕਰਣ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੫, ਪੰਨਾ ੩੩੨

[57] ਕੁਝ ਹਥ ਲਿਖਤ ਬੀੜਾਂ ਵਿਚ 'ਘੋਰ ਅੰਧਾਰ' ਸ਼ਬਦ ਜੁਟ ਔਂਕੜ ਸਹਿਤ 'ਘੋਰੁ ਅੰਧਾਰੁ' ਲਿਖਿਆ ਮਿਲਦਾ ਹੈ, ਜੋ ਗੁਰੂ ਗ੍ਰੰਥ ਸਾਹਿਬ ਦੀ ਲਿਖਣ ਸ਼ੈਲੀ ਅਨੁਸਾਰ ਵਧੇਰੇ ਸ਼ੁਧ ਜਾਪਦਾ ਹੈ। ਜਿਵੇਂ ਕਿ: ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥ -ਗੁਰੂ ਗ੍ਰੰਥ ਸਾਹਿਬ ੧੩੯੯

ਵਿਸ਼ੇਸ਼ਣ (ਅੰਧਾਰ ਦਾ), ਕਰਤਾ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ਼ - ਘੋਰ; ਪਾਲੀ/ਪ੍ਰਾਕ੍ਰਿਤ - ਘੋਰ (ਭਿਆਨਕ); ਸੰਸਕ੍ਰਿਤ - ਘੋਰ (घोर - ਡਰਾਉਣਾ, ਭਿਆਨਕ)।

ਅੰਧਾਰ = (ਅਗਿਆਨਤਾ ਦਾ) ਹਨ੍ਹੇਰ/ਹਨ੍ਹੇਰਾ।

ਨਾਂਵ, ਕਰਤਾ ਕਾਰਕ; ਪੁਲਿੰਗ, ਇਕਵਚਨ।

ਲਹਿੰਦੀ - ਅੰਧਾਰ/ਅੰਧਾਰਾ (ਝੱਖੜ/ਹਨ੍ਹੇਰਾ); ਅਪਭ੍ਰੰਸ਼ - ਅੰਧਾਰ; ਪ੍ਰਾਕ੍ਰਿਤ - ਅੰਧਾਯਾਰ/ਅੰਧਾਰ (ਹਨ੍ਹੇਰਾ); ਪਾਲੀ - ਅਨ੍ਧਕਾਰ (ਅੰਨ੍ਹਾਪਣ, ਹਨ੍ਹੇਰਾ); ਸੰਸਕ੍ਰਿਤ - ਅੰਧਕਾਰਹ (अन्धकार: - ਹਨ੍ਹੇਰਾ)।

॥੨॥ = ਦੂਜਾ ਸਲੋਕ ਸੰਪੂਰਨ।

ਸਾਰ: ਇਸ ਸਲੋਕ ਵਿਚ ਗੁਰੂ ਅੰਗਦ ਸਾਹਿਬ ਜੀ ਨੇ ਮਨੁਖਾ ਜੀਵਨ ਲਈ ਗੁਰੂ ਦੀ ਮਹੱਤਤਾ ਦਰਸਾਈ ਹੈ। ਬੇਅੰਤ ਬਾਹਰਮੁਖੀ ਚਾਨਣ-ਸ੍ਰੋਤ ਹੋਣ ਦੇ ਬਾਵਜੂਦ ਮਨੁਖੀ ਮਨ ਅੰਦਰੋਂ ਅਗਿਆਨ ਦਾ ਹਨ੍ਹੇਰਾ ਖਤਮ ਨਹੀਂ ਹੁੰਦਾ। ਜੀਵਨ ਪਲਟਾ ਗੁਰੂ ਦੇ ਰਾਹੀਂ ਹੀ ਹੁੰਦਾ ਹੈ। ਗੁਰੂ ਹੀ ਆਪਣੀ ਪਾਰਸ-ਛੋਹ ਨਾਲ ਸਧਾਰਣ ਮਨੁਖਾਂ ਤੋਂ ਉਚੇਰੇ ਆਚਰਣ ਵਾਲੇ, ਦੈਵੀ-ਗੁਣ ਸੰਪੰਨ, ਉਤਮ ਮਨੁਖ ਬਣਾ ਸਕਦਾ ਹੈ।

ਕਾਵਿ ਸੁੰਦਰਤਾ

ਇਸ ਸਲੋਕ ਵਿਚ ਗੁਰੂ ਦੀ ਮਹਿਮਾ ਨੂੰ ਦਰਸਾਉਣ ਲਈ 'ਵਿਅਤਿਰੇਕ ਅਲੰਕਾਰ'[58] ਦਾ ਬਹੁਤ ਪ੍ਰਭਾਵਸ਼ਾਲੀ ਪ੍ਰਯੋਗ ਹੋਇਆ ਹੈ। ਪਰੰਪਰਾ 'ਚ ਪ੍ਰਕਾਸ਼ ਨੂੰ ਗਿਆਨ ਦਾ ਅਤੇ ਹਨ੍ਹੇਰੇ ਨੂੰ ਅਗਿਆਨ ਦਾ ਪ੍ਰਤੀਕ ਮੰਨਿਆ ਗਿਆ ਹੈ। ਸ੍ਰਿਸ਼ਟੀ 'ਚ ਪ੍ਰਕਾਸ਼ ਦਾ ਮੂਲ ਸ੍ਰੋਤ ਸੂਰਜ ਹੈ ਅਤੇ ਸੂਰਜ ਦੇ ਪ੍ਰਕਾਸ਼ ਨਾਲ ਪ੍ਰਕਾਸ਼ਤ ਹੋਣ ਵਾਲਾ ਚੰਦਰਮਾ ਪ੍ਰਕਾਸ਼ ਦਾ ਗੌਣ ਸ੍ਰੋਤ ਹੈ। ਇਸ ਲਈ ਗਿਆਨ ਅਤੇ ਪ੍ਰਕਾਸ਼ ਨੂੰ ਸੰਕੇਤ ਕਰਨ ਲਈ ਸੂਰਜ ਅਤੇ ਚੰਨ ਨੂੰ ਹਮੇਸ਼ਾ ਤੋਂ ਪ੍ਰਸਿੱਧ ਉਪਮਾਨਾਂ ਦੇ ਤੌਰ 'ਤੇ ਵਰਤਿਆ ਜਾਂਦਾ ਰਿਹਾ ਹੈ। ਇਸ ਸਲੋਕ 'ਚ ਗੁਰੂ ਦੁਆਰਾ ਪ੍ਰਦਾਨ ਕੀਤੇ ਗਿਆਨ ਰੂਪੀ ਪ੍ਰਕਾਸ਼ ਦੀ ਤੁਲਨਾ ਵਿਚ ਸੂਰਜ-ਚੰਨ ਵਰਗੇ ਪ੍ਰਸਿੱਧ ਉਪਮਾਨਾਂ ਦਾ ਨੀਵਾਂਪਨ ਦਰਸਾਇਆ ਗਿਆ ਹੈ।

ਇਥੇ ਚੰਨ ਲਈ 'ਸੌ' ਅਤੇ ਸੂਰਜ ਲਈ 'ਹਜ਼ਾਰ' ਵਰਗੇ ਸੰਖਿਅਕ ਵਿਸ਼ੇਸ਼ਣਾਂ ਦਾ ਪ੍ਰਯੋਗ ਵੀ ਅਤਿਅੰਤ ਸਿਰਜਨਾਤਮਕ ਹੈ, ਕਿਉਂਕਿ ਇਹ ਪ੍ਰਯੋਗ ਇਨ੍ਹਾਂ ਪ੍ਰਮੁਖ ਪ੍ਰਕਾਸ਼ ਸ੍ਰੋਤਾਂ ਅਤੇ ਪ੍ਰਸਿੱਧ ਉਪਮਾਨਾਂ ਦੇ ਛੋਟੇਪਨ ਨੂੰ ਕਈ ਗੁਣਾ ਵਧਾ ਦਿੰਦਾ ਹੈ। ਚੰਨ ਵਰਗੇ ਦੂਜੈਲੇ ਪ੍ਰਕਾਸ਼ ਸ੍ਰੋਤ ਨੂੰ ਤਾਂ ਸਿਰਫ਼ ਗੁਰੂ ਤੋਂ ਸੌ ਗੁਣਾ ਛੁਟੇਰਾ ਵਿਖਾਇਆ ਗਿਆ ਹੈ, ਜਦਕਿ ਸੂਰਜ ਵਰਗੇ ਮੂਲ ਪ੍ਰਕਾਸ਼ ਸ੍ਰੋਤ ਨੂੰ ਗੁਰੂ ਤੋਂ ਹਜ਼ਾਰ ਗੁਣਾ ਨੀਵਾਂ ਦਰਸਾਇਆ ਗਿਆ ਹੈ।

---

[58] **ਜਦੋਂ ਉਪਮੇਯ ਦੇ ਮੁਕਾਬਲੇ ਉਪਮਾਨ ਨੂੰ ਨੀਂਵਾ ਵਿਖਾਇਆ ਜਾਂਦਾ ਹੈ, ਤਾਂ ਉਥੇ ਵਿਅਤਿਰੇਕ ਅਲੰਕਾਰ ਹੁੰ**ਦਾ ਹੈ।

ਪਹਿਲੀ ਤੁਕ ਵਿਚ ਚੰਨ ਲਈ 'ਉਗਵਹਿ' ਅਤੇ ਸੂਰਜ ਲਈ 'ਚੜਹਿ' ਕਿਰਿਆ ਦੀ ਵਰਤੋਂ ਕੀਤੀ ਗਈ ਹੈ।[59] ਇਨ੍ਹਾਂ ਦੋਵਾਂ ਦਾ ਪ੍ਰਯੋਗ ਇਕੋ ਹੀ ਅਰਥ 'ਉਦੈ ਹੋਣ' ਲਈ ਹੋਣ ਕਾਰਣ ਇਥੇ 'ਪੁਨਰੁਕਤ ਵਦਾਭਾਸ' ਅਲੰਕਾਰ[60] ਹੈ।

ਦੂਜੀ ਤੁਕ ਵਿਚ 'ਚਾਨਣ' ਅਤੇ 'ਘੋਰ ਅੰਧਾਰ' ਦੀ ਵਰਤੋਂ ਵੀ ਬੜੀ ਸਿਰਜਨਾਤਮਕ ਹੈ। ਇਨ੍ਹਾਂ ਪਰਸਪਰ ਵਿਰੋਧੀ ਭਾਵ ਵਾਲੇ ਸ਼ਬਦਾਂ ਰਾਹੀਂ ਗੁਰੂ ਵਲੋਂ ਪ੍ਰਦਾਨ ਕੀਤੇ ਆਤਮ-ਗਿਆਨ ਰੂਪੀ ਪ੍ਰਕਾਸ਼ ਦੇ ਮਹੱਤਵ ਅਤੇ ਪ੍ਰਚੰਡ ਤੇਜ ਨੂੰ ਹੋਰ ਵੀ ਤੀਬਰਤਾ ਨਾਲ ਸਪਸ਼ਟ ਕੀਤਾ ਗਿਆ ਹੈ।

ਇਹ ਵੀ ਸਪਸ਼ਟ ਹੈ ਕਿ ਸੌ ਚੰਨਾਂ ਅਤੇ ਹਜ਼ਾਰ ਸੂਰਜਾਂ ਦਾ ਇਕੋ ਵੇਲੇ ਮੌਜੂਦ ਹੋਣਾ ਸੰਭਵ ਨਹੀਂ ਹੈ। ਇਸ ਕਰਕੇ ਪਹਿਲੀ ਤੁਕ 'ਜੇ' ਤੋਂ ਸ਼ੁਰੂ ਕੀਤੀ ਗਈ ਹੈ ਅਤੇ ਮਨੁਖ ਨੂੰ ਅਜਿਹੀ ਅਦੁੱਤੀ ਸਥਿਤੀ ਦਾ ਅਨੁਮਾਨ ਕਰਨ ਲਈ ਕਿਹਾ ਗਿਆ ਹੈ। ਇਸੇ ਤਰ੍ਹਾਂ, ਦੂਜੀ ਤੁਕ ਵਿਚ ਐਸੀ ਅਦੁੱਤੀ ਸਥਿਤੀ ਤੋਂ ਉਤਪੰਨ ਹੋਣ ਵਾਲੇ ਅਸਧਾਰਣ ਪ੍ਰਕਾਸ਼ ਨੂੰ 'ਏਤੇ ਚਾਨਣ' ਕਹਿ ਕੇ ਪ੍ਰਗਟ ਕੀਤਾ ਗਿਆ ਹੈ।

ਦੂਜੇ ਪਾਸੇ, 'ਘੋਰ ਅੰਧਾਰ' ਵਿਚ ਵਰਤਿਆ ਗਿਆ 'ਘੋਰ' ਵਿਸ਼ੇਸ਼ਣ, ਹਨ੍ਹੇਰੇ ਦੀ ਗਹਿਰਾਈ ਅਤੇ ਸੰਘਣਤਾ ਨੂੰ ਹੋਰ ਵੀ ਭਿਅੰਕਰ ਰੂਪ ਪ੍ਰਦਾਨ ਕਰ ਰਿਹਾ ਹੈ। ਦੂਜੇ ਪਾਤਸ਼ਾਹ ਦਾ ਆਸ਼ਾ ਹੈ ਕਿ ਗੁਰੂ ਤੋਂ ਬਿਨਾਂ ਅਸਧਾਰਨ ਪ੍ਰਕਾਸ਼ ਵਾਲੀ ਸਥਿਤੀ ਵੀ ਅਨੰਤ ਅੰਧਕਾਰ ਦੇ ਬਰਾਬਰ ਹੈ। ਇਹ ਸਾਰੇ ਸਿਰਜਨਾਤਮਕ ਪ੍ਰਯੋਗ ਗੁਰੂ ਦੇ ਮਹੱਤਵ ਅਤੇ ਮਹਿਮਾ ਨੂੰ ਅਤਿਅੰਤ ਪ੍ਰਬਲਤਾ ਨਾਲ ਉਜਾਗਰ ਕਰਦੇ ਹਨ।

ਇਸ ਸਲੋਕ ਦਾ ਮਾਤਰਾ ਵਿਧਾਨ ੧੨+੧੧ (ਪਹਿਲੀ ਤੁਕ) ਅਤੇ ੧੩+੧੧ (ਦੂਜੀ ਤੁਕ) ਹੈ। ਇਸ ਨੂੰ ਦੋਹਰਾ ਛੰਦ ਅਧੀਨ ਰਖਿਆ ਜਾ ਸਕਦਾ ਹੈ।

ਮ: ੧ ॥
ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥੩॥

ਅਰਥ

ਮਹਲਾ ਪਹਿਲਾ।

ਨਾਨਕ! (ਜੋ ਮਨੁਖ) ਗੁਰੂ ਨੂੰ ਚੇਤੇ ਨਹੀਂ ਕਰਦੇ (ਤੇ) ਆਪਣੇ ਮਨ ਵਿਚ ਚਲਾਕ (ਬਣਦੇ) ਹਨ, (ਉਹ ਇਉਂ ਹਨ) ਜਿਵੇਂ ਛੁਟੇ ਹੋਏ ਬੂਆੜ ਤਿਲ, (ਜੋ) ਖੇਤ ਅੰਦਰ ਸੁੰਞੇ (ਪਏ ਹੁੰਦੇ ਹਨ)।[61]

---

[59] ਆਮ ਤੌਰ 'ਤੇ ਸੂਰਜ ਅਤੇ ਚੰਨ ਲਈ 'ਉਗਣਾ' ਅਤੇ 'ਚੜ੍ਹਨਾ' ਦੋਵਾਂ ਕਿਰਿਆਵਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। 'ਉਗਣਾ' ਬਨਸਪਤੀ ਦਾ ਧਰਮ ਹੈ, ਜਦਕਿ ਕਿਸੇ ਵਸਤੂ ਦਾ ਉੱਪਰ ਵੱਲ ਜਾਣਾ 'ਚੜ੍ਹਨਾ' ਅਖਵਾਉਂਦਾ ਹੈ। ਜਾਪਦਾ ਹੈ, ਅਰਥ ਦੇ ਪੱਧਰ 'ਤੇ ਵਿਚਲਨ ਹੋਣ ਕਾਰਣ ਇਨ੍ਹਾਂ ਦੀ ਵਰਤੋਂ ਸੂਰਜ-ਚੰਨ ਦੇ ਉਦੈ ਹੋਣ ਜਾਂ ਉੱਪਰ ਵੱਲ ਨੂੰ ਜਾਣ ਦੇ ਸੰਦਰਭ ਵਿਚ ਹੋਣ ਲੱਗ ਪਈ।

[60] ਦੋ ਵਖ-ਵਖ ਸ਼ਬਦਾਂ ਜਾਂ ਕਥਨਾਂ ਦੀ ਇੱਕੋ ਅਰਥ ਲਈ ਵਰਤੋਂ ਪੁਨਰੁਕਤ ਵਦਾਭਾਸ ਅਲੰਕਾਰ ਅਖਵਾਉਂਦੀ ਹੈ।

[61] ਅਰਥ ਅਨਵੈ ਕਰਕੇ।

ਖੇਤ ਵਿਚ ਛੁੱਟਿਆਂ ਹੋਇਆਂ (ਉਨ੍ਹਾਂ ਤਿਲਾਂ) ਦੇ, ਨਾਨਕ ਦਾ ਕਥਨ ਹੈ, ਸੈਂਕੜੇ ਖਸਮ (ਹੁੰਦੇ) ਹਨ। (ਉਹ) ਵਿਚਾਰੇ ਫਲਦੇ (ਤੇ) ਫੁਲਦੇ ਹਨ, (ਪਰ ਫਿਰ) ਵੀ (ਉਨ੍ਹਾਂ ਦੇ) ਤਨ ਵਿਚ ਸੁਆਹ (ਹੀ ਹੁੰਦੀ) ਹੈ।

ਮਹਲਾ ਪਹਿਲਾ, ਭਾਵ ਗੁਰੂ ਨਾਨਕ ਸਾਹਿਬ, ਦੁਆਰਾ ਉਚਾਰਿਆ ਸਲੋਕ।

ਨਾਨਕ! ਜਿਹੜੇ ਵਿਅਕਤੀ ਆਪਣੇ ਮਨ ਵਿਚ ਆਪਣੇ ਆਪ ਨੂੰ ਸਿਆਣੇ ਸਮਝਦੇ ਹਨ ਅਤੇ ਗੁਰ-ਉਪਦੇਸ਼ ਨੂੰ ਚਿਤ ਵਿਚ ਨਹੀਂ ਵਸਾਉਂਦੇ, ਉਹ ਇਉਂ ਹਨ ਜਿਵੇਂ ਖਾਲੀ ਖੇਤ ਵਿਚ ਕਾਲ ਅੰਗਿਆਰੀ ਦੀ ਬੀਮਾਰੀ ਨਾਲ ਸੜੀ ਫਲੀ ਵਾਲੇ ਤਿਲਾਂ ਦੇ ਛੁੱਟੜ ਬੂਟੇ ਹੁੰਦੇ ਹਨ।[62]

ਨਾਨਕ ਦਾ ਕਥਨ ਹੈ: ਖੇਤ ਵਿਚ ਛੱਡਿਆਂ ਹੋਇਆਂ ਉਨ੍ਹਾਂ ਸੜੀ ਫਲੀ ਵਾਲੇ ਤਿਲਾਂ ਦੇ ਬੂਟਿਆਂ ਦਾ ਇਕ ਮਾਲਕ ਨਹੀਂ ਹੁੰਦਾ; ਉਹ ਸੈਂਕੜੇ ਮਾਲਕਾਂ ਦੇ ਵੱਸ ਪੈਂਦੇ ਹਨ, ਜੋ ਉਨ੍ਹਾਂ ਨੂੰ ਆਪਣੀ ਲੋੜ ਅਨੁਸਾਰ ਵਰਤਦੇ ਹਨ।

ਉਹ ਵਿਚਾਰੇ ਖਿੜਦੇ ਵੀ ਹਨ ਤੇ ਫਲਦੇ ਵੀ ਹਨ, ਪਰ ਫਿਰ ਵੀ ਉਨ੍ਹਾਂ ਦੇ ਫਲੀ ਰੂਪ ਸਰੀਰ ਵਿਚ ਸੁਆਹ ਹੀ ਹੁੰਦੀ ਹੈ, ਦਾਣਾ ਕੋਈ ਨਹੀਂ ਹੁੰਦਾ; ਉਹ ਨਿ-ਫਲੇ ਹੁੰਦੇ ਹਨ।

ਪਦ ਅਰਥ

ਨਾਨਕ = ਨਾਨਕ![63]

ਨਾਂਵ, ਸੰਬੋਧਨ ਕਾਰਕ; ਪੁਲਿੰਗ, ਇਕਵਚਨ।

ਗੁਰੂ = ਗੁਰੂ ਨੂੰ; ਗੁਰ-ਉਪਦੇਸ਼ ਨੂੰ।

ਨਾਂਵ, ਕਰਮ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ਼ - ਗੁਰੁ (ਵਡਾ, ਮਹਾਨ; ਅਧਿਆਪਕ); ਪ੍ਰਾਕ੍ਰਿਤ - ਗੁਰੁ/ਗੁਰੁਅ (ਭਾਰੀ; ਅਧਿਆਪਕ); ਪਾਲੀ - ਗੁਰੁ (ਅਧਿਆਪਕ); ਸੰਸਕ੍ਰਿਤ - ਗੁਰੁ (गुरु - ਭਾਰੀ, ਦੀਰਘ; ਅਧਿਆਪਕ, ਅਧਿਆਤਮਕ ਮੁਰਸ਼ਦ)।

ਨ = ਨਾ, ਨਹੀਂ।

ਨਿਪਾਤ।

ਪੁਰਾਤਨ ਪੰਜਾਬੀ - ਨਾ/ਨ; ਮਾਰਵਾੜੀ/ਅਵਧੀ/ਲਹਿੰਦੀ/ਸਿੰਧੀ/ਕਸ਼ਮੀਰੀ/ਅਪਭ੍ਰੰਸ਼ - ਨ; ਪ੍ਰਾਕ੍ਰਿਤ - ਣਅ/ਣਾ; ਪਾਲੀ - ਨਾ/ਨ; ਸੰਸਕ੍ਰਿਤ - ਨਹ (न: - ਨਹੀਂ, ਨਿਖੇਧ-ਬੋਧਕ)।

ਚੇਤਨੀ[64] = ਚਿਤਾਰਦੇ, ਚੇਤੇ ਕਰਦੇ; ਚਿਤ ਵਿਚ ਵਸਾਉਂਦੇ।

ਕਿਰਿਆ, ਵਰਤਮਾਨ ਕਾਲ; ਅਨ ਪੁਰਖ, ਪੁਲਿੰਗ, ਬਹੁਵਚਨ।

ਪੁਰਾਤਨ ਪੰਜਾਬੀ - ਚੇਤਨਿ; ਅਪਭ੍ਰੰਸ਼ - ਚੇਤਨ; ਪ੍ਰਾਕ੍ਰਿਤ - ਚੇਦਇ; ਸੰਸਕ੍ਰਿਤ - ਚੇਤਯੰਤਿ (चेतयन्ति - ਚੇਤੇ ਕਰਦੇ ਹਨ।)

---

[62] ਸੰਤ ਕਾ ਦੋਖੀ ਛੁਟੈ ਇਕੇਲਾ ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥ -ਗੁਰੂ ਗ੍ਰੰਥ ਸਾਹਿਬ ੨੮੦

[63] ਗੁਰੂ ਬਾਣੀਕਾਰਾਂ ਦੁਆਰਾ ਵਰਤੀ ਗਈ 'ਨਾਨਕ-ਜੋਤਿ ਦੀ ਲਖਾਇਕ' ਮੁਹਰ-ਛਾਪ।

[64] 'ਚੇਤਨੀ' ਗੁਰਮਤਿ ਕਾਵਿ ਪ੍ਰਬੰਧ ਅਧੀਨ ਹੋਇਆ 'ਚੇਤਨਿ' ਦਾ ਹੀ ਰੂਪਾਂਤਰ ਹੈ।

ਮਨਿ = ਮਨ ਵਿਚ।

ਨਾਂਵ, ਅਧਿਕਰਣ ਕਾਰਕ; ਪੁਲਿੰਗ, ਇਕਵਚਨ।

ਲਹਿੰਦੀ - ਮੰਨ; ਅਪਭ੍ਰੰਸ਼ - ਮਨੇ/ਮਣੇ; ਪ੍ਰਾਕ੍ਰਿਤ - ਮਣਿ/ਮਣ; ਸੰਸਕ੍ਰਿਤ - ਮਨਸ੍ (मनस् - ਮਨ)।

ਆਪਣੈ = ਆਪਣੇ (ਮਨ ਵਿਚ)।

ਵਿਸ਼ੇਸ਼ਣ (ਮਨਿ ਦਾ), ਅਧਿਕਰਣ ਕਾਰਕ; ਪੁਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਅਪਣਾ/ਆਪਣਾ; ਲਹਿੰਦੀ - ਆਪਣਾ/ਅਪਣੋ; ਅਪਭ੍ਰੰਸ਼ - ਅਪਨ/ਅੱਪਨ/ਅੱਪਅ (ਅਪਣਾ); ਪ੍ਰਾਕ੍ਰਿਤ - ਅੱਤਣਅ/ਅੱਪਣਯ (ਆਪਣਾ); ਸੰਸਕ੍ਰਿਤ - ਆਤ੍ਮਨਕ (आत्मनक - ਆਪਣਾ, ਨਿੱਜੀ)।

ਸੁਚੇਤ = ਚਲਾਕ, ਸਿਆਣੇ।

ਨਾਂਵ, ਕਰਤਾ ਕਾਰਕ; ਪੁਲਿੰਗ, ਬਹੁਵਚਨ।

ਸੰਸਕ੍ਰਿਤ - ਸੁਚੇਤ (सुचेत - ਚਾਲਾਕ)।

ਛੁਟੇ[65] = ਛੁੱਟੇ, ਛੁੱਟੇ ਹੋਏ।

ਭੂਤ ਕਿਰਦੰਤ (ਵਿਸ਼ੇਸ਼ਣ), ਕਰਤਾ ਕਾਰਕ; ਪੁਲਿੰਗ, ਬਹੁ ਵਚਨ।

ਲਹਿੰਦੀ - ਛੁਟਣ; ਸਿੰਧੀ - ਛੁਟਣੁ (ਢਿੱਲਾ ਹੋਣਾ, ਛੁੱਟਣਾ); ਪ੍ਰਾਕ੍ਰਿਤ - ਛੁੱਟਇ; ਸੰਸਕ੍ਰਿਤ - ਕ੍ਸ਼ੁਟਯਤੇ (क्षुटयते - ਛੱਡਿਆ ਜਾਂਦਾ ਹੈ, ਰਿਹਾਅ ਕੀਤਾ ਜਾਂਦਾ ਹੈ)।

ਤਿਲ = ਤਿਲਾਂ ਦੇ ਬੂਟੇ।

ਨਾਂਵ, ਕਰਤਾ ਕਾਰਕ; ਪੁਲਿੰਗ, ਬਹੁਵਚਨ।

ਅਪਭ੍ਰੰਸ਼/ਪ੍ਰਾਕ੍ਰਿਤ - ਤਿਲ; ਸੰਸਕ੍ਰਿਤ - ਤਿਲ੍ (तिल् - ਤਿਲ ਦਾ ਦਾਣਾ, ਛੋਟਾ ਕਣ)।

ਬੂਆੜ = (ਕਾਲ ਅੰਗਿਆਰੀ ਦੀ ਬੀਮਾਰੀ ਨਾਲ) ਸੜੀ ਹੋਈ ਫਲੀ ਵਾਲੇ; ਥੋਥੇ, ਨਿਕੰਮੇ।

ਵਿਸ਼ੇਸ਼ਣ (ਤਿਲ ਦਾ), ਕਰਤਾ ਕਾਰਕ; ਪੁਲਿੰਗ, ਬਹੁਵਚਨ।

ਲਹਿੰਦੀ - ਬੂਆੜ; ਅਪਭ੍ਰੰਸ਼ - ਬੂਆਰ; ਸੰਸਕ੍ਰਿਤ - ਵਯੁਸ੍ਰੁ (व्युष्ट - ਸੜਿਆ ਹੋਇਆ)।

ਜਿਉ = ਜਿਵੇਂ।

ਕਿਰਿਆ ਵਿਸ਼ੇਸ਼ਣ।

ਪੁਰਾਤਨ ਪੰਜਾਬੀ - ਜਿਉ; ਅਪਭ੍ਰੰਸ਼ - ਜੇਉ; ਪ੍ਰਾਕ੍ਰਿਤ - ਜੇਵ; ਸੰਸਕ੍ਰਿਤ - ਯਥਾ (यथा - ਜੈਸੇ, ਜਿਵੇਂ)।

---

65 'ਛੁਟ' ਤੋਂ 'ਛੁਟਾ' ਭੂਤ ਕਿਰਦੰਤ ਅਤੇ 'ਛੁਟਾ' ਤੋਂ 'ਛੁਟੇ' ਬਹੁਵਚਨ ਬਣਾਇਆ ਗਿਆ ਹੈ।

ਸੁੰਞੇ[66] = ਸੁੰਨੇ, ਇਕੱਲੇ; ਛੁੱਟੜ।

ਵਿਸ਼ੇਸ਼ਣ (ਖੇਤ ਦਾ), ਅਧਿਕਰਣ ਕਾਰਕ; ਪੁਲਿੰਗ, ਇਕਵਚਨ।

ਲਹਿੰਦੀ - ਸੁੰਞ/ਸੁੰਞਾ (ਉਜਾੜ/ਬੰਜਰ, ਗਰੀਬੀ ਦਾ ਸ਼ਿਕਾਰ); ਸਿੰਧੀ - ਸੁਞੁ/ਸੁਞੋ (ਬਾਂਝ, ਸੁੰਨਾ) ; ਅਪਭ੍ਰੰਸ਼ - ਸੁੰਨ/ਸੁੰਝ; ਪ੍ਰਾਕ੍ਰਿਤ - ਸੁੰਣ; ਸੰਸਕ੍ਰਿਤ - ਸ਼ੂਨਯ (शून्य - ਖਾਲੀ)।

ਅੰਦਰਿ[67] = ਅੰਦਰ, ਵਿਚ।

ਸੰਬੰਧਕ।

ਪੁਰਾਤਨ ਪੰਜਾਬੀ - ਅੰਤਰੁ/ਅੰਤਰਿ/ਅੰਦਰਿ; ਸਿੰਧੀ - ਅੰਦਰੁ (ਅੰਦਰਲਾ), ਅੰਦਰਿ (ਅੰਦਰ); ਅਪਭ੍ਰੰਸ਼ - ਅੰਤਰ (ਵਿਚ), ਅੰਤਰਿ (ਵਿਚਕਾਰ); ਪ੍ਰਾਕ੍ਰਿਤ - ਅੰਤਰ/ਅੰਤਰਾ (ਅੰਦਰ), ਅੰਦਰੇ (ਵਿਚ, ਅੰਦਰ); ਪਾਲੀ - ਅਨ੍ਤਰ (ਅੰਦਰ, ਅੰਤਰਾਲ/ਵਕਫ਼ਾ), ਅਨ੍ਤਰਾ/ਅਨ੍ਤਰੇਣ/ਅਨ੍ਤਰੇ (ਵਿਚਕਾਰ, ਅੰਦਰ); ਸੰਸਕ੍ਰਿਤ - ਅੰਤਰ (अन्तर - ਅੰਦਰਲਾ ਭਾਗ, ਨੇੜੇ; ਰਿਗਵੇਦ - ਲਾਗਲਾ)।[68]

ਖੇਤ[69]= ਖੇਤ (ਅੰਦਰ)।

ਨਾਂਵ, ਅਧਿਕਰਣ ਕਾਰਕ; ਪੁਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਖੇਤਰ/ਖੇਤ; ਬ੍ਰਜ - ਖੇਤ; ਅਪਭ੍ਰੰਸ਼ - ਖੇਤੰ; ਪ੍ਰਾਕ੍ਰਿਤ - ਖੇੱਤ/ਖਿਤ/ਛੇੱਤ/ਛਿਤ; ਪਾਲੀ - ਖੇੱਤ (ਖੇਤ); ਸੰਸਕ੍ਰਿਤ - ਕਸ਼ੇਤ੍ਰ (क्षेत्र - ਜਮੀਨ land)।

ਖੇਤੈ[70] = ਖੇਤ (ਵਿਚ)।

ਨਾਂਵ, ਅਧਿਕਰਣ ਕਾਰਕ; ਪੁਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਖੇਤਰ/ਖੇਤ; ਬ੍ਰਜ - ਖੇਤ; ਅਪਭ੍ਰੰਸ਼ - ਖੇਤੰ; ਪ੍ਰਾਕ੍ਰਿਤ - ਖੇੱਤ/ਖਿਤ/ਛੇੱਤ/ਛਿਤ; ਪਾਲੀ - ਖੇੱਤ (ਖੇਤ); ਸੰਸਕ੍ਰਿਤ - ਕਸ਼ੇਤ੍ਰ (क्षेत्र - ਜਮੀਨ)।

ਅੰਦਰਿ[71] = ਅੰਦਰ, ਵਿਚ।

---

[66] ਸੰਬੰਧਕੀ ਪਦ 'ਅੰਦਰਿ' ਆਉਣ ਕਾਰਣ 'ਸੁੰਞਾ' ਦਾ 'ਸੁੰਞੇ' ਹੋ ਗਿਆ ਹੈ। ਉਚਾਰਣ ਔਖੇਰਾ ਹੋਣ ਕਰਕੇ ਪੂਰਬੀ ਪੰਜਾਬੀ ਵਿਚ 'ਞ' ਦੀ ਥਾਂ 'ਨ' ਨੇ ਲੈ ਲਈ ਹੈ। ਲਹਿੰਦੀ ਵਿਚ ਇਹ ਰੂਪ ਅਜੇ ਵੀ ਪ੍ਰਚਲਤ ਹੈ।

[67] ਗੁਰੂ ਗ੍ਰੰਥ ਸਾਹਿਬ ਵਿਚ 'ਅੰਦਰਿ' ਸੰਬੰਧਕੀ ਰੂਪ ਸਦਾ ਸਿਹਾਰੀ-ਅੰਤਕ ਹੀ ਹੁੰਦਾ ਹੈ। ਇਸ ਦਾ ਕਾਰਣ ਇਹ ਹੈ ਕਿ ਅਧਿਕਰਣ ਕਾਰਕ ਦਾ ਸੰਸਕ੍ਰਿਤ ਵਿਚ ਚਿੰਨ 'ਏ' (ਬਾਲੇ) ਹੈ। ਅਪਭ੍ਰੰਸ਼ ਵਿਚ ਇਹ 'ਇ' (ਬਾਲਿ) ਹੋ ਗਿਆ। ਜਦੋਂ ਮਧਕਾਲ ਵਿਚ ਵਿਜੋਗਾਤਮਕ ਭਾਸ਼ਾਵਾਂ ਵਿਚ ਵੱਖਰੇ ਸੰਬੰਧਕ ਆਰੰਭ ਹੋਏ, ਤਾਂ ਸੰਬੰਧਕਾਂ ਦਾ ਰੂਪ ਵੀ ਅਧਿਕਰਣ ਕਾਰਕ ਵਿਚਲੇ ਨਾਂਵ ਦੇ ਰੂਪ ਅਨੁਸਾਰ ਹੀ ਹੋ ਗਿਆ।

[68] 'ਅੰਦਰ' ਦੀ ਵਿਉਤਪਤੀ ਫ਼ਾਰਸੀ 'ਅੰਦਰੂਨ' (ਅੰਦਰ, ਵਿਚ) ਤੋਂ ਵੀ ਮਿਲਦੀ ਹੈ।

[69] ਸੰਬੰਧਕੀ ਪਦ 'ਅੰਦਰਿ' ਆਉਣ ਕਾਰਣ 'ਖੇਤ' ਮੁਕਤਾ-ਅੰਤਕ ਹੈ।

[70] 'ਖੇਤ' ਤੋਂ 'ਖੇਤੈ' ਰੂਪਾਂਤਰ, ਗੁਰਮਤਿ-ਕਾਵਿ-ਪ੍ਰਬੰਧ ਅਧੀਨ ਹੋਇਆ ਹੈ; ਇਹ ਵਿਆਕਰਣਕ ਰੂਪਾਂਤਰ ਨਹੀਂ। ਵਿਆਕਰਣਕ ਰੂਪਾਂਤਰ ਹੋਣ ਦੀ ਸਥਿਤੀ ਵਿਚ ਸੰਬੰਧਕੀ ਪਦ 'ਅੰਦਰਿ' ਮੌਜੂਦ ਨਹੀਂ ਹੁੰਦਾ।

[71] 'ਅੰਦਰਿ ਖੇਤ' ਅਤੇ 'ਖੇਤੈ ਅੰਦਰਿ' ਸਮਅਰਥੀ ਹਨ।

ਸੰਬੰਧਕ।

ਪੁਰਾਤਨ ਪੰਜਾਬੀ - ਅੰਤਰੁ/ਅੰਤਰਿ/ਅੰਦਰਿ; ਸਿੰਧੀ - ਅੰਦਰੁ (ਅੰਦਰਲਾ), ਅੰਦਰਿ (ਅੰਦਰ); ਅਪਭ੍ਰੰਸ਼ - ਅੰਤਰ (ਵਿਚ), ਅੰਤਰਿ (ਵਿਚਕਾਰ); ਪ੍ਰਾਕ੍ਰਿਤ - ਅੰਤਰ/ਅੰਤਰਾ (ਅੰਦਰ), ਅੰਦਰੇ (ਵਿਚ, ਅੰਦਰ); ਪਾਲੀ - ਅਨ੍ਤਰ (ਅੰਦਰ, ਅੰਤਰਾਲ/ਵਕਫ਼ਾ), ਅਨ੍ਤਰਾ/ਅਨ੍ਤਰੇਣ/ਅਨ੍ਤਰੇ (ਵਿਚਕਾਰ, ਅੰਦਰ); ਸੰਸਕ੍ਰਿਤ - ਅੰਤਰ (अन्तर - ਅੰਦਰਲਾ ਭਾਗ, ਨੇੜੇ; ਰਿਗਵੇਦ - ਲਾਗਲਾ)।

ਛੁਟਿਆ = ਛੁੱਟਿਆਂ ਹੋਇਆਂ ਦੇ।

ਕਿਰਿਆ ਫਲ ਕਿਰਦੰਤ (ਨਾਂਵ), ਸੰਬੰਧ ਕਾਰਕ; ਪੁਲਿੰਗ, ਬਹੁਵਚਨ।

ਲਹਿੰਦੀ - ਛੁਟਣ; ਸਿੰਧੀ - ਛੁਟਣੁ (ਢਿੱਲਾ ਹੋਣਾ, ਛੁੱਟਣਾ); ਪ੍ਰਾਕ੍ਰਿਤ - ਛੁੱਟਇ; ਕ੍ਸ਼ੁਟਯਤੇ (क्षुटयते - ਛੱਡਿਆ ਜਾਂਦਾ ਹੈ, ਰਿਹਾਅ ਕੀਤਾ ਜਾਂਦਾ ਹੈ)।

ਕਹੁ[72] = ਕਥਨ।

ਭਾਵਾਰਥ ਕਿਰਦੰਤ (ਨਾਂਵ), ਕਰਤਾ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ - ਕਹੁ (ਕਥਨ); ਪ੍ਰਾਕ੍ਰਿਤ - ਕਹ; ਸੰਸਕ੍ਰਿਤ - ਕਥ੍ (कथ् - ਬੋਲਣਾ, ਕਹਿਣਾ)।

ਨਾਨਕ = ਨਾਨਕ ਦਾ।

ਨਾਂਵ, ਸੰਬੰਧ ਕਾਰਕ; ਪੁਲਿੰਗ, ਇਕਵਚਨ।

ਸਉ = ਸੌ, ਸੈਂਕੜੇ।

ਵਿਸ਼ੇਸ਼ਣ (ਨਾਹ ਦਾ), ਕਰਤਾ ਕਾਰਕ; ਪੁਲਿੰਗ, ਬਹੁਵਚਨ।

ਬ੍ਰਜ/ਅਪਭ੍ਰੰਸ਼ - ਸਉ; ਪ੍ਰਾਕ੍ਰਿਤ - ਸਯ; ਸੰਸਕ੍ਰਿਤ - ਸ਼ਤ (शत - ਸੌ)।

ਨਾਹ = ਖਸਮ, ਮਾਲਕ।

ਨਾਂਵ, ਕਰਤਾ ਕਾਰਕ; ਪੁਲਿੰਗ, ਬਹੁਵਚਨ।

ਪੁਰਾਤਨ ਅਵਧੀ - ਨਾਹੁ; ਅਪਭ੍ਰੰਸ਼ - ਨਾਹ (ਸੁਆਮੀ, ਮਾਲਕ); ਪ੍ਰਾਕ੍ਰਿਤ - ਣਾਹ; ਪਾਲੀ - ਨਾਥ; ਸੰਸਕ੍ਰਿਤ - ਨਾਥ (नाथ - ਸ਼ਰਣ, ਮਦਦ; ਰਾਖਾ, ਸੁਆਮੀ)।

ਫਲੀਅਹਿ = ਫਲਦੇ, ਫਲਦਾਰ ਹੁੰਦੇ ਹਨ।

ਕਿਰਿਆ, ਵਰਤਮਾਨ ਕਾਲ; ਅਨ ਪੁਰਖ, ਪੁਲਿੰਗ, ਬਹੁਵਚਨ।

ਪੁਰਾਤਨ ਪੰਜਾਬੀ - ਫਲਣਾ (ਫਲਣਾ); ਸਿੰਧੀ - ਫਰਣੁ (ਫਲਦਾਈ ਹੋਣਾ); ਪ੍ਰਾਕ੍ਰਿਤ - ਫਲਇ (ਫਲਦਾ ਹੈ); ਪਾਲੀ - ਫਲਤਿ (ਪੱਕਦਾ ਹੈ); ਸੰਸਕ੍ਰਿਤ - ਫਲਤਿ (फलति - ਫਲਦਾ ਹੈ)।

---

[72] 'ਕਹੁ' ਇਥੇ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਹੋਰਨੀਂ ਥਾਈਂ ਨਾਂਵ-ਕਿਰਦੰਤ ਵਜੋਂ ਵਰਤਿਆ ਗਿਆ ਹੈ। ਅਪਭ੍ਰੰਸ਼ ਵਿਚ ਵੀ 'ਕਹੁ' ਦਾ ਅਰਥ 'ਕਥਨ' ਹੀ ਮਿਲਦਾ ਹੈ। ਸੋ, 'ਕਹੁ ਨਾਨਕ' ਦਾ ਅਰਥ 'ਨਾਨਕ ਦਾ ਕਥਨ ਹੈ' ਹੀ ਦਰੁਸਤ ਹੈ, 'ਹੇ ਨਾਨਕ, ਆਖ' ਠੀਕ ਨਹੀਂ ਭਾਸਦਾ।

ਫੁਲੀਅਹਿ = ਫੁਲਦੇ/ਨਿੱਸਰਦੇ, ਫੁੱਲਦਾਰ ਹੁੰਦੇ ਹਨ।

ਕਿਰਿਆ, ਵਰਤਮਾਨ ਕਾਲ; ਅਨ ਪੁਰਖ, ਪੁਲਿੰਗ, ਬਹੁਵਚਨ।

ਪੁਰਾਤਨ ਪੰਜਾਬੀ - ਫੁੱਲਣਾ (ਫੁੱਲਣਾ); ਲਹਿੰਦੀ - ਫੁੱਲਣ; ਸਿੰਧੀ - ਫੁਲਣੁ (ਖਿੜਣਾ); ਅਪਭ੍ਰੰਸ਼/ਪ੍ਰਾਕ੍ਰਿਤ - ਫੁੱਲਇ; ਸੰਸਕ੍ਰਿਤ - ਫੁੱਲਤਿ (फुल्लति - ਫੈਲਦਾ ਹੈ, ਫੁੱਲ ਦੇ ਤੌਰ ਖੁਲਦਾ ਹੈ/ਖਿੜਦਾ ਹੈ)।

ਬਪੁੜੇ[73] = ਵਿਚਾਰੇ; ਤੁੱਛ।

ਵਿਸ਼ੇਸ਼ਣ (ਤਿਲ ਦਾ), ਕਰਤਾ ਕਾਰਕ; ਪੁਲਿੰਗ, ਬਹੁਵਚਨ ।

ਅਪਭ੍ਰੰਸ਼ - ਬੱਪ/ਬੱਪੁਡਾ (ਮੂਰਖ, ਵਿਚਾਰਾ); ਸੰਸਕ੍ਰਿਤ - ਵਰਾਕ/ਬੱਪੁਡ (वराक/बप्पुड - ਵਿਚਾਰਾ/ਬਦਨਸੀਬ)।

ਭੀ = ਵੀ

ਨਿਪਾਤ।

ਸਿੰਧੀ - ਭੀ; ਪ੍ਰਾਕ੍ਰਿਤ - ਅਵਿ/ਵਿ; ਪਾਲੀ - ਅਪਿ; ਸੰਸਕ੍ਰਿਤ - ਅਪਿ (अपि - ਵੀ, ਅਤੇ, ਬਹੁਤ ਆਦਿ)।

ਤਨ[74] = ਤਨ (ਵਿਚ); (ਬੂਆੜ ਤਿਲਾਂ ਦੇ) ਫਲੀ ਰੂਪ ਸਰੀਰ (ਵਿਚ)।

ਨਾਂਵ, ਅਧਿਕਰਣ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ਼ - ਤਨ/ਤਣੁ; ਪ੍ਰਾਕ੍ਰਿਤ - ਤਣ/ਤਣੂ; ਪਾਲੀ - ਤਨੁ (ਸਰੀਰ); ਸੰਸਕ੍ਰਿਤ - ਤਨੁ (तनु - ਸਰੀਰ, ਵਿਅਕਤੀ, ਸਵੈ)।

ਵਿਚਿ = ਵਿਚ।

ਸੰਬੰਧਕ।

ਸਿੰਧੀ - ਵਿਚਿ; ਅਪਭ੍ਰੰਸ਼ - ਵਿੱਚਿ; ਪ੍ਰਾਕ੍ਰਿਤ - ਵਿੱਚ; ਸੰਸਕ੍ਰਿਤ - ਵਰ੍ਤਮਨਿ੍ (वर्त्मनि् - ਵਿੱਚ)।

ਸੁਆਹ = ਸੁਆਹ।

ਨਾਂਵ, ਕਰਤਾ ਕਾਰਕ; ਇਸਤਰੀ ਲਿੰਗ, ਇਕਵਚਨ।

ਅਪਭ੍ਰੰਸ਼ - ਸੁਆਹ; ਸੰਸਕ੍ਰਿਤ - ਸਵਾਹਹ (स्वाहः - ਸੁਆਹ)।[75]

॥੩॥ = ਤੀਜਾ ਸਲੋਕ ਸੰਪੂਰਨ।

---

[73] ਬਾਰ੍ਹਵੀਂ ਸਦੀ ਵਿਚ ਹੇਮਚੰਦ੍ਰ ਨੇ ਆਪਣੀ ਪੁਸਤਕ 'ਸ਼ਬਦਾਨੁਸ਼ਾਸ਼ਨ' ਅਤੇ 'ਅਪਭ੍ਰੰਸ਼-ਵਿਆਕਰਣ' ਵਿਚ 'ਬੱਪੁਡਾ' ਪ੍ਰਯੋਗ ਕੀਤਾ ਹੈ। ਪੂਰਬੀ ਹਿੰਦੀ, ਬ੍ਰਜ, ਰਾਜਸਥਾਨੀ ਅਤੇ ਪਛਮੀ ਹਿੰਦੀ ਵਿਚ 'ਡ' ਦਾ ਵਟਾਂਦਰਾ 'ਰ' ਵਿਚ ਹੋ ਜਾਂਦਾ ਹੈ, ਜਿਵੇਂ 'ਬਪੁਡਾ' ਤੋਂ 'ਬਪੁਰਾ' ਆਦਿ। ਲਹਿੰਦੀ-ਪੰਜਾਬੀ ਵਿਚ 'ਡ' ਦਾ ਰੂਪਾਂਤਰ 'ੜ' ਵਿਚ ਹੋ ਕੇ 'ਬਪੁੜਾ' ਬਣਿਆ ਜਾਪਦਾ ਹੈ। ਇਥੇ 'ਬਪੁੜਾ' ਤੋਂ ਬਹੁਵਚਨ 'ਬਪੁੜੇ' ਬਣਾਇਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਖ-ਵਖ ਬੋਲੀਆਂ ਅਤੇ ਉਪਬੋਲੀਆਂ ਵਿਚ ਪ੍ਰਚਲਤ ਰੂਪ 'ਬਪੁੜਾ, ਬਪੁਰਾ, ਬਪੁਰੋ, ਬਾਪੁਰਾ' ਆਦਿ ਵਰਤੇ ਗਏ ਹਨ।

[74] ਸੰਬੰਧਕੀ ਪਦ 'ਵਿਚਿ' ਆਉਣ ਕਾਰਣ 'ਤਨ' ਮੁਕਤਾ-ਅੰਤਕ ਹੈ।

[75] ਸੰਸਕ੍ਰਿਤ 'ਸਵਾਹ:' (स्वाहः) ਵਿਚਲੇ 'ਵ' (व) ਦੀ ਅਪਭ੍ਰੰਸ਼ ਵਿਚ 'ਉ' ਅਥਵਾ 'ਔਂਕੜ' ਵਿਚ ਤਬਦੀਲੀ ਹੋਣ ਨਾਲ 'ਸੁਆਹ' ਬਣ ਗਿਆ।

ਭਾਈ ਗੁਰਦਾਸ ਜੀ ਨੇ ਉਪਰਲੇ ਇਸ ਸਲੋਕ ਦੇ ਭਾਵ-ਅਰਥਾਂ ਦਾ ਵਿਸਥਾਰ ਆਪਣੀ ਇਕ ਪਉੜੀ ਵਿਚ ਇਉਂ ਕੀਤਾ ਹੈ:

ਖੇਤੈ ਅੰਦਰਿ ਜੰਮਿ ਕੈ ਸਭ ਦੂੰ ਉਚਾ ਹੋਇ ਵਿਖਾਲੇ॥

ਬੂਟੁ ਵਡਾ ਕਰਿ ਫੈਲਦਾ ਹੋਇ ਚੁਹਚੁਹਾ ਆਪੁ ਸਮਾਲੇ॥

ਖੇਤਿ ਸਫਲ ਹੋਇ ਲਾਵਣੀ ਛੁਟਨਿ ਤਿਲੁ ਬੂਆੜ ਨਿਰਾਲੇ॥

ਨਿਹਫਲ ਸਾਰੇ ਖੇਤ ਵਿਚਿ ਜਿਉ ਸਰਵਾੜ ਕਮਾਦ ਵਿਚਾਲੇ॥

ਸਾਧਸੰਗਤਿ ਗੁਰ ਸਬਦੁ ਸੁਣਿ ਕਪਟ ਸਨੇਹੁ ਕਰਨਿ ਬੇਤਾਲੇ॥

ਨਿਹਫਲ ਜਨਮੁ ਅਕਾਰਥਾ ਹਲਤਿ ਪਲਤਿ ਹੋਵਨਿ ਮੁਹ ਕਾਲੇ॥

*ਜਮਪੁਰਿ ਜਮ ਜੰਦਾਰਿ ਹਵਾਲੇ ॥੧੬॥ -**ਭਾਈ ਗੁਰਦਾਸ ਜੀ, ਵਾਰ ੧੭ ਪਉੜੀ ੧੬***

ਕਾਵਿਕ ਪਖ

ਉਪਰੋਕਤ ਸਲੋਕ ਵਿਚ ਉਪਮਾ ਅਲੰਕਾਰ[76] ਰਾਹੀਂ ਗੁਰੂ ਵੱਲੋਂ ਪ੍ਰਦਾਨ ਕੀਤੀ ਸਿਖਿਆ ਦੇ ਅਤੁੱਲ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ। ਪਹਿਲੇ ਪਾਤਸ਼ਾਹ ਫਰਮਾਉਂਦੇ ਹਨ ਕਿ ਜੋ ਮਨੁਖ ਗੁਰੂ ਨੂੰ ਯਾਦ ਨਹੀਂ ਕਰਦੇ ਅਤੇ ਗੁਰੂ ਦੀ ਸਿਖਿਆ ਵੱਲ ਧਿਆਨ ਨਾ ਦੇ ਕੇ, ਆਪਣੇ ਆਪ ਨੂੰ ਬਹੁਤ ਜਾਗਰੂਕ ਅਤੇ ਸਿਆਣਾ ਸਮਝਦੇ ਹਨ, ਉਨ੍ਹਾਂ ਦੀ ਦਸ਼ਾ ਸੁੰਞੇ ਖੇਤ ਵਿਚ ਪਏ, ਅੰਦਰੋਂ ਸੜੇ ਹੋਏ ਉਨ੍ਹਾਂ ਤਿਲਾਂ ਦੇ ਬੂਟਿਆਂ ਵਰਗੀ ਹੋ ਜਾਂਦੀ ਹੈ, ਜੋ ਫਲਦੇ-ਫੁਲਦੇ ਤਾਂ ਹਨ, ਪਰ ਉਨ੍ਹਾਂ ਦੀਆਂ ਫਲੀਆਂ ਵਿਚੋਂ ਸੁਆਹ ਹੀ ਨਿਕਲਦੀ ਹੈ। ਇਥੇ ਗੁਰੂ ਦੀ ਸਿਖਿਆ ਤੋਂ ਹੀਣੇ ਮਨੁਖਾਂ ਦੀ ਤੁਲਨਾ ਖਾਲੀ ਖੇਤ ਵਿਚ ਛੁੱਟੇ, ਸੜੇ ਹੋਏ ਤਿਲਾਂ ਦੇ ਬੂਟਿਆਂ ਦੀ ਮਾੜੀ ਹਾਲਤ ਨਾਲ ਕੀਤੀ ਗਈ ਹੈ, ਜਿਨ੍ਹਾਂ ਦੇ ਅਨੇਕ ਖਸਮ ਬਣ ਜਾਂਦੇ ਹਨ।

ਪਹਿਲੀ ਤੁਕ ਵਿਚ 'ਸੁਚੇਤ' ਸ਼ਬਦ ਦੀ ਵਰਤੋਂ ਰਾਹੀਂ ਵਿਅੰਗ ਕੀਤਾ ਗਿਆ ਹੈ ਕਿ ਜੋ ਲੋਕ ਗੁਰੂ ਦੀ ਸਿਖਿਆ ਦਾ ਪਾਲਣ ਨਹੀਂ ਕਰਦੇ, ਉਹ ਭਰਮ ਅਧੀਨ ਆਪਣੇ ਆਪ ਨੂੰ 'ਸੁਚੇਤ' ਮੰਨ ਲੈਂਦੇ ਹਨ, ਜਦਕਿ ਅਸਲ ਵਿਚ ਉਹ ਐਸੇ ਹੁੰਦੇ ਨਹੀਂ।

'ਤਿਲ ਬੁਆੜ' ਅਤੇ 'ਸੁੰਞੇ ਖੇਤ' ਸ਼ਬਦਾਂ ਦੀ ਵਰਤੋਂ ਵੀ ਬੜੀ ਸਿਰਜਨਾਤਮਕ ਹੈ। ਗੁਰੂ ਤੋਂ ਬੇਮੁਖ ਹੋਏ ਲੋਕਾਂ ਲਈ ਸੰਸਾਰ ਸੁੰਨੇ ਖੇਤ ਵਾਂਗ ਹੈ ਅਤੇ ਉਹ ਆਪ ਬੁਆੜ ਤਿਲਾਂ ਵਾਂਗ ਨਿਰਾਰਥਕ ਹਨ।

'ਸਉ ਨਾਹ' (ਸੌ ਖਸਮ) ਦਾ ਪ੍ਰਯੋਗ ਵੀ ਵਿਸ਼ੇਸ਼ ਹੈ। ਖਾਲੀ ਖੇਤ ਵਿਚ ਛੁੱਟੇ ਹੋਏ ਤਿਲਾਂ ਦੇ ਬੂਟਿਆਂ ਦੇ ਸੈਂਕੜੇ ਖ਼ਸਮ ਬਣ ਜਾਂਦੇ ਹਨ। ਅਰਥਾਤ, ਗੁਰੂ-ਕਿਰਪਾ ਤੋਂ ਰਹਿਤ ਮਨੁਖਾਂ ਨੂੰ ਅਨੇਕ ਨਕਾਰਤਮਕ ਸੰਸਾਰੀ ਸ਼ਕਤੀਆਂ ਆਪਣਾ ਗੁਲਾਮ ਬਣਾ ਲੈਂਦੀਆਂ ਹਨ। ਇਸੇ ਕਰਕੇ, ਇਨ੍ਹਾਂ ਨਿ-ਆਸਰੇ ਪ੍ਰਾਣੀਆਂ ਲਈ ਅਗਲੀ ਤੁਕ ਵਿਚ ਵਰਤਿਆ ਗਿਆ ਸ਼ਬਦ 'ਬਪੁੜੇ' (ਵਿਚਾਰੇ) ਵੀ ਬੜਾ ਸਟੀਕ ਹੈ।

ਫਲਣਾ-ਫੁਲਣਾ ਇਕ ਪ੍ਰਸਿੱਧ ਲੋਕ-ਮੁਹਾਵਰਾ ਹੈ। 'ਫਲੀਅਹਿ ਫੁਲੀਅਹਿ' ਵਿਚ ਲੋਕੋਕਤੀ ਦੇ ਨਾਲ ਨਾਲ ਸਲੇਸ਼ ਅਲੰਕਾਰ[77] ਵੀ ਹੈ, ਕਿਉਂਕਿ 'ਫਲੀਅਹਿ ਫੁਲੀਅਹਿ' ਦੇ ਦੋ ਅਰਥ ਹਨ। ਤਿਲਾਂ ਦੇ ਬੂਟਿਆਂ ਦੇ ਸੰਦਰਭ ਵਿਚ ਇਸ ਦਾ ਅਰਥ ਹੈ, ਫਲ ਅਤੇ ਫੁੱਲ ਲੱਗਣੇ। ਮਨੁਖਾਂ ਦੇ ਸੰਦਰਭ ਵਿਚ ਇਸ ਦਾ ਅਰਥ ਹੈ, ਪਦਾਰਥਕ ਜਾਂ ਸੰਸਾਰਕ ਤੌਰ 'ਤੇ ਫਲੀਭੂਤ ਹੋਣਾ, ਤਰੱਕੀ ਕਰਨਾ।

---

[76] ਜਦੋਂ ਦੋ ਵਸਤੂਆਂ ਜਾਂ ਸਥਿਤੀਆਂ ਦੀ ਤੁਲਨਾ ਕੀਤੀ ਜਾਂਦੀ ਹੈ, ਤਾਂ ਉਥੇ ਉਪਮਾ ਅਲੰਕਾਰ ਹੁੰਦਾ ਹੈ।

[77] ਜਦੋਂ ਕਿਸੇ ਸ਼ਬਦ ਦੇ ਵਖ-ਵਖ ਸੰਦਰਭਾਂ ਵਿਚ ਵਖ-ਵਖ ਅਰਥ ਹੋਣ, ਤਾਂ ਉਥੇ ਸਲੇਸ਼ ਅਲੰਕਾਰ ਹੁੰਦਾ ਹੈ।

ਇਸੇ ਸੰਦਰਭ ਵਿਚ ਅੱਗੇ ਵਰਤਿਆ ਸ਼ਬਦ 'ਸੁਆਹ' ਵੀ ਅਤਿਅੰਤ ਸਿਰਜਨਾਤਮਕ ਹੈ। ਗੁਰੂ-ਸਿਖਿਆ ਤੋਂ ਹੀਣੇ ਮਨੁਖ ਭਾਵੇਂ ਕਿੰਨੀ ਵੀ ਆਰਥਕ ਤਰੱਕੀ ਕਰ ਲੈਣ, ਪਰ ਉਨ੍ਹਾਂ ਦੀ ਹਰ ਪ੍ਰਾਪਤੀ 'ਸੁਆਹ' ਵਾਂਗ ਤੁੱਛ ਹੀ ਹੁੰਦੀ ਹੈ। ਇਸ ਪ੍ਰਕਾਰ ਸਾਦ੍ਰਿਸ਼ ਵਿਧਾਨ[78] ਅਤੇ ਸੰਕੇਤਾਂ ਦੀ ਸੂਖਮ ਵਰਤੋਂ ਰਾਹੀਂ ਇਥੇ ਗੁਰੂ ਦੀ ਸਿਖਿਆ ਤੋਂ ਰਹਿਤ ਮਨੁਖਾਂ ਦੀ ਨਿ-ਆਸਰੀ ਹਾਲਤ, ਨਕਾਰਾਤਮਕ ਸੰਸਾਰੀ ਸ਼ਕਤੀਆਂ ਅੱਗੇ ਉਨ੍ਹਾਂ ਦੇ ਸਮਰਪਣ ਅਤੇ ਭੌਤਿਕ ਤਰੱਕੀ ਕਰਨ ਦੇ ਬਾਵਜੂਦ ਉਪਲਭਧੀਆਂ ਦੇ ਤੌਰ 'ਤੇ ਹਾਸਲ ਕੀਤੀਆਂ ਤੁੱਛ ਪ੍ਰਾਪਤੀਆਂ ਦਾ ਬੜਾ ਸਟੀਕ ਚਿਤ੍ਰਣ ਹੈ।

ਇਸ ਸਲੋਕ ਦੀਆਂ ਚਾਰੇ ਤੁਕਾਂ ਦਾ ਮਾਤਰਾ ਵਿਧਾਨ ਸ਼ਬਦਾਵਲੀ ਅਤੇ ਉਚਾਰਣ ਅਨੁਸਾਰ ੧੩+੧੧ ਬਣਦਾ ਹੈ। ਇਸ ਨੂੰ ਦੋਹਰਾ ਛੰਦ ਅਧੀਨ ਰਖਿਆ ਜਾ ਸਕਦਾ ਹੈ। ਇਹ ਸਲੋਕ ਦੋ ਦੋਹਰੇ ਜੋੜ ਕੇ ਬਣਿਆ ਹੈ।

ਪਉੜੀ॥

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥

ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥

ਕਰਿ ਆਸਣੁ ਡਿਠੋ ਚਾਉ ॥੧॥

ਅਰਥ

(ਤੂੰ) ਆਪ ਹੀ (ਆਪਣੇ) ਆਪ ਨੂੰ ਸਾਜਿਆ, ਆਪ ਹੀ (ਆਪਣੇ) ਨਾਮ ਨੂੰ ਰਚਿਆ।

ਦੂਜੀ, (ਤੇਰੇ ਦੁਆਰਾ) ਕੁਦਰਤ ਸਾਜੀ ਗਈ, (ਤੇ ਉਸ ਵਿਚ) ਆਸਣ ਲਾ ਕੇ (ਤੂੰ) ਦੇਖਿਆ ਚਾਉ ਕਰ ਕੇ।

ਦੇਣ ਵਾਲਾ (ਤੇ) ਕਰਨ ਵਾਲਾ ਤੂੰ ਆਪ ਹੀ (ਹੈਂ, ਤੂੰ ਆਪ ਹੀ) ਤਰੁੱਠ ਕੇ ਦੇਂਦਾ (ਤੇ) ਪ੍ਰਸਾਦ ਅਥਵਾ ਪਸਾਰਾ ਕਰਦਾ ਹੈਂ।

ਤੂੰ ਸਾਰਿਆਂ ਦਾ ਜਾਣਨਹਾਰ ਹੈਂ, (ਆਪਣਾ) ਹੁਕਮ ਦੇ ਕੇ (ਤੂੰ) ਜਿੰਦ ਲੈ ਲੈਂਦਾ ਹੈਂ।

ਆਸਣ ਲਾ ਕੇ (ਤੂੰ) ਦੇਖਿਆ ਚਾਉ ਕਰ ਕੇ।

ਹੇ ਕਰਤਾਪੁਰਖ! ਪਹਿਲਾਂ, ਤੂੰ ਆਪ ਹੀ ਆਪਣੇ ਆਪ ਨੂੰ ਸਾਜਿਆ ਤੇ ਆਪ ਹੀ ਆਪਣਾ ਨਾਮ-ਰੂਪ ਬਣਾਇਆ।[79]
ਫਿਰ, ਤੂੰ ਸ੍ਰਿਸ਼ਟੀ ਸਾਜੀ ਤੇ ਸਾਜੀ ਹੋਈ ਸ੍ਰਿਸ਼ਟੀ ਵਿਚ ਵਿਆਪਕ ਹੋ ਕੇ (ਆਸਣ ਲਾ ਕੇ) ਆਪਣੀ ਰਚਨਾ ਅਥਵਾ ਆਪਣੇ ਚੋਜ-ਪਸਾਰੇ ਨੂੰ ਚਾਅ ਨਾਲ ਵੇਖਿਆ।
ਸ੍ਰਿਸ਼ਟੀ ਅਤੇ ਉਸ ਦੇ ਜੀਵਾਂ ਨੂੰ ਰਚਣ ਵਾਲਾ ਕਰਤਾ ਅਤੇ ਉਨ੍ਹਾਂ ਨੂੰ ਦਾਤਾਂ ਦੇਣ ਵਾਲਾ ਦਾਤਾ ਵੀ ਤੂੰ ਆਪ ਹੀ ਹੈਂ। ਤੂੰ ਆਪ ਹੀ ਤਰੁੱਠ ਕੇ ਜੀਵਾਂ ਨੂੰ ਦਾਤਾਂ ਦੇਂਦਾ, ਉਨ੍ਹਾਂ 'ਤੇ ਕਿਰਪਾ ਕਰਦਾ ਤੇ ਸ੍ਰਿਸ਼ਟੀ ਦਾ ਪਸਾਰਾ ਕਰਦਾ ਹੈਂ।

---

[78] ਦੋ ਵਸਤੂਆਂ ਜਾਂ ਸਥਿਤੀਆਂ ਦੀ ਤੁਲਨਾ।

[79] ਆਪੇ ਆਪਿ ਉਪਾਇਕੈ ਆਪੇ ਅਪਣਾ ਨਾਉਂ ਧਰਾਇਆ॥ - ਭਾਈ ਗੁਰਦਾਸ ਜੀ, ਵਾਰ 7, ਪਉੜੀ ੧੮

ਤੂੰ ਸਾਰਿਆਂ ਦਾ ਜਾਣਨਹਾਰ ਹੈਂ; ਅਉਧ ਪੁੱਗ ਜਾਣ 'ਤੇ ਤੂੰ ਆਪ ਹੀ ਆਪਣੇ ਹੁਕਮ ਅਨੁਸਾਰ ਉਨ੍ਹਾਂ ਦੀ ਜਾਨ ਲੈ ਲੈਂਦਾ ਹੈ।[80] ਇਸ ਪ੍ਰਕਾਰ ਤੂੰ ਆਪਣੀ ਸਾਜੀ ਹੋਈ ਸ੍ਰਿਸ਼ਟੀ ਵਿਚ ਆਸਣ ਲਾ ਕੇ ਉਸ ਦੇ ਹਰ ਵਰਤਾਰੇ ਨੂੰ ਉਤਸ਼ਾਹ ਨਾਲ ਵੇਖ ਰਿਹਾ ਹੈਂ।

ਪਦ ਅਰਥ

ਪਉੜੀ = ਇਕ ਕਾਵਿ ਰੂਪ।

ਨਾਂਵ, ਕਰਤਾ ਕਾਰਕ; ਇਸਤਰੀ ਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਪਉੜੀ (ਪੌੜੀ ਦਾ ਡੰਡਾ, ਪੌਡਾ); ਅਪਭ੍ਰੰਸ਼ - ਪਵੜੀ (ਪੌੜੀ); ਸੰਸਕ੍ਰਿਤ - ਪਾਦੁ (ਧਾਦੁ - ਪੈਰ, ਮੰਜੇ ਦਾ ਪਾਵਾ)।

ਆਪੀਨੈ੍[81] = ਆਪਿ+ਹੀ/ਈ+ਨੈ੍, ਆਪ ਹੀ ਨੇ, ਆਪ ਹੀ।

ਪੜਨਾਂਵ, ਕਰਤਾ ਕਾਰਕ; ਮਧਮ ਪੁਰਖ, ਪੁਲਿੰਗ, ਇਕਵਚਨ।

ਅਪਭ੍ਰੰਸ਼ - ਆਪਿ; ਪ੍ਰਾਕ੍ਰਿਤ - ਅੱਪਣ; ਸੰਸਕ੍ਰਿਤ - ਆਤ੍ਮਨਿ੍ (आत्मनि् - ਆਪ)।[82]

ਆਪੁ = ਆਪ ਨੂੰ, ਆਪਣੇ ਆਪ ਨੂੰ।

ਪੜਨਾਂਵ, ਕਰਮ ਕਾਰਕ; ਮਧਮ ਪੁਰਖ, ਪੁਲਿੰਗ, ਇਕਵਚਨ।

ਅਪਭ੍ਰੰਸ਼ - ਆਪ/ਆਪੁ/ਆਪਿ; ਪ੍ਰਾਕ੍ਰਿਤ - ਆਤਾ/ਆਯਾ/ਅੱਤਣ; ਅੱਪਾ/ਅੱਪਣ; ਪਾਲੀ - ਅੱਤਨ (ਸਵੈ); ਸੰਸਕ੍ਰਿਤ - ਆਤ੍ਮਨ੍ (आत्मन् - ਸਾਹ, ਆਤਮਾ; ਰਿਗਵੇਦ - ਸਵੈ)।

ਸਾਜਿਓ = ਸਾਜਿਆ, ਬਣਾਇਆ।

ਕਿਰਿਆ, ਭੂਤ ਕਾਲ; ਮਧਮ ਪੁਰਖ, ਪੁਲਿੰਗ, ਇਕਵਚਨ।

ਰਾਜਸਥਾਨੀ - ਸਾਜਣੋ (ਤਿਆਰ ਕਰਨਾ, ਬਣਾਉਣਾ, ਸਜਾਉਣਾ); ਬ੍ਰਜ/ਅਪਭ੍ਰੰਸ਼ - ਸਾਜ (ਸਜਾਉਣਾ, ਸੁਸ਼ੋਭਿਤ ਕਰਨਾ); ਪ੍ਰਾਕ੍ਰਿਤ - ਸਾਜਇ; ਸੰਸਕ੍ਰਿਤ - ਸੱਜਯਤਿ (सज्जयति - ਤਿਆਰ ਕਰਦਾ ਹੈ)।

---

[80] ਅਰਥ ਅਨਵੈ ਕਰਕੇ: ਕਵਾਉ ਦੇ ਜਿੰਦੁ ਲੈਸਹਿ। 'ਕਵਾਉ' ਦਾ ਅਰਥ 'ਹੁਕਮ' ਹੀ ਠੀਕ ਹੈ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਥਾਵਾਂ 'ਤੇ ਇਹ ਸ਼ਬਦ ਵਰਤਿਆ ਗਿਆ ਹੈ। ਇਸ ਨੂੰ 'ਕਵਾਇ/ਕਵਾਈ' (ਸਰੀਰ ਅਥਵਾ ਸਰੀਰ ਰੂਪੀ ਪੋਸ਼ਾਕ) ਵਜੋਂ ਅਰਥਾਉਣਾ ਦਰੁਸਤ ਨਹੀਂ ਹੈ।

[81] ਗੁਰੂ ਗ੍ਰੰਥ ਸਾਹਿਬ ਵਿਚ ਵਿਅੰਜਨਾਂ ਦੀ ਧੁਨੀ ਨੂੰ ਭਾਰਾ ਕਰਨ ਲਈ 'ਹ' ਅੱਖਰ ਦੀ ਭਾਰ-ਚਿੰਨ੍ਹ ਵਜੋਂ ਵਰਤੋਂ ਮਿਲਦੀ ਹੈ। ਪੰਥ ਦੀਆਂ ਸਮੁੱਚੀਆਂ ਸੰਪ੍ਰਦਾਵਾਂ ਵਿਚ ਇਸ ਦਾ ਉਚਾਰਣ ਸੰਬੰਧਤ ਅੱਖਰ ਨੂੰ ਭਾਰ ਸਹਿਤ ਕਰਕੇ ਕਰਦੀਆਂ ਹਨ। ਇਸਦੇ ਉਚਾਰਣ ਸੰਬੰਧੀ ਕੋਈ ਮਤ-ਭੇਦ ਨਹੀਂ ਹੈ। ਪ੍ਰੋ. ਸਾਹਿਬ ਸਿੰਘ ਅਨੁਸਾਰ ਮੌਜੂਦਾ ਬੀੜਾਂ ਵਿਚ 'ਨੈ੍' ਦੇ ਹੇਠ ਲਗਾ ਇਹ ਭਾਰ ਚਿੰਨ੍ਹ '੍' (ਆਪੀਨੈ੍ ਅੰਤਲਾ ਅੱਧਾ 'ਹ') ਅਸਲ ਵਿਚ 'ਹੀ' ਵਿਚੋਂ ਨਿਕਲ ਕੇ ਇਥੇ ਆਇਆ ਹੈ। -ਪ੍ਰੋ. ਸਾਹਿਬ ਸਿੰਘ, ਗੁਰਬਾਣੀ ਵਿਆਕਰਣ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੫, ਪੰਨਾ ੨੧੪

[82] ਸੰਸਕ੍ਰਿਤ ਦੇ 'आत्मनि्' ਤੋਂ ਬਣਿਆ ਨਿੱਜਵਾਚੀ ਪੜਨਾਂਵ 'ਆਪ' ਅਪਭ੍ਰੰਸ਼ ਵਿਚ ਕਰਤਾ ਕਾਰਕ ਦੇ ਰੂਪ ਵਿਚ 'ਆਪਿ' ਬਣ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਰਤਾ ਕਾਰਕ ਦੇ ਰੂਪ ਵਿਚ ਇਸ ਦਾ ਇਹੀ 'ਆਪਿ' ਸਰੂਪ ਕਾਇਮ ਰਹਿੰਦਾ ਹੈ। ਅਪਭ੍ਰੰਸ਼ ਦੇ ਉਪ-ਰੂਪਾਂ ਵਿਚ ਨਿੱਜਵਾਚਕ ਪੜਨਾਂਵ ਦੇ ਪਿੱਛੇ ਪ੍ਰਤਿਯ 'ਈ' (ई) ਲਾ ਕੇ 'ਹੀ' ਦੇ ਅਰਥ ਲਏ ਜਾਂਦੇ ਹਨ। ਇਹੀ ਸਥਿਤੀ ਇਥੇ ਹੈ: 'ਆਪਿ + ਹੀ/ਈ' ਦੇ ਨਾਲ 'ਨੈ੍' ਕਰਤਾ ਕਾਰਕ ਦਾ ਪੁਰਾਤਨ ਰੂਪ ਜੋੜਿਆ ਗਿਆ ਹੈ। ਇਸ 'ਨੈ੍' ਤੋਂ ਹੀ ਅਜੋਕੇ ਸੰਬੰਧਕੀ ਚਿੰਨ੍ਹ 'ਨੇ' ਦਾ ਵਿਕਾਸ ਹੋਇਆ ਹੈ।

ਰਚਿਓ[83] = ਰਚਿਆ, ਸਿਰਜਿਆ।

ਕਿਰਿਆ, ਭੂਤ ਕਾਲ; ਮਧਮ ਪੁਰਖ, ਪੁਲਿੰਗ, ਇਕਵਚਨ।

ਰਾਜਸਥਾਨੀ - ਰਚਿਓੜੋ (ਰਚਿਆ ਹੋਇਆ); ਅਪਭ੍ਰੰਸ਼ - ਰਚ (ਰਚਣਾ, ਬਣਾਉਣਾ); ਪ੍ਰਾਕ੍ਰਿਤ - ਰਚਇ (ਰਚਦਾ ਹੈ); ਸੰਸਕ੍ਰਿਤ - ਰਚਯਤਿ (रचयति - ਰਚਿਆ ਜਾਂਦਾ ਹੈ)।

ਨਾਉ = ਨਾਮ ਨੂੰ।

ਨਾਂਵ, ਕਰਮ ਕਾਰਕ; ਪੁਲਿੰਗ, ਇਕਵਚਨ।

ਪੁਰਾਤਨ ਮਰਾਠੀ/ਰਾਜਸਥਾਨੀ/ਅਪਭ੍ਰੰਸ਼ - ਨਾਉ; ਪ੍ਰਾਕ੍ਰਿਤ - ਣਾਮ; ਸੰਸਕ੍ਰਿਤ - ਨਾਮਨ੍ (नामन् - ਨਾਮ)।

ਦੁਯੀ = ਦੂਜੀ, ਹੋਰ; ਫਿਰ।

ਵਿਸ਼ੇਸ਼ਣ (ਕੁਦਰਤਿ ਦਾ), ਕਰਮ ਕਾਰਕ; ਇਸਤਰੀ ਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਦੁਯੀ; ਅਪਭ੍ਰੰਸ਼ - ਦੁਈ/ਦੂਈ; ਪ੍ਰਾਕ੍ਰਿਤ - ਦੁਵੇ/ਦੂਇ; ਪਾਲੀ - ਦੁਵਿ/ਦੁਵੇ; ਸੰਸਕ੍ਰਿਤ - ਦ੍ਵਿ/ਦਵ (द्वि/दव - ਦੋ)।

ਕੁਦਰਤਿ[84] = ਕੁਦਰਤ-ਰਚਨਾ, ਸ੍ਰਿਸ਼ਟੀ।

ਨਾਂਵ, ਕਰਮ ਕਾਰਕ; ਇਸਤਰੀ ਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਕੁਦਰਤਿ; ਅਰਬੀ - ਕੁਦਰਤ (قُدرَت - ਤਾਕਤ, ਰੱਬੀ ਤਾਕਤ, ਕੁਦਰਤ)**।**

ਸਾਜੀਐ = ਸਾਜੀ ਗਈ, ਬਣਾਈ ਗਈ।

ਕਿਰਿਆ, ਭੂਤ ਕਾਲ; ਮਧਮ ਪੁਰਖ, ਇਸਤਰੀ ਲਿੰਗ, ਇਕਵਚਨ।

ਰਾਜਸਥਾਨੀ - ਸਾਜਣੋ (ਤਿਆਰ ਕਰਨਾ, ਬਣਾਉਣਾ, ਸਜਾਉਣਾ); ਬ੍ਰਜ/ਅਪਭ੍ਰੰਸ਼ - ਸਾਜ (ਸਜਾਉਣਾ, ਸੁਸ਼ੋਭਿਤ ਕਰਨਾ); ਪ੍ਰਾਕ੍ਰਿਤ - ਸਾਜਇ; ਸੰਸਕ੍ਰਿਤ - ਸੱਜਯਤਿ (सज्जयति - ਤਿਆਰ ਕਰਦਾ ਹੈ)

ਕਰਿ = (ਆਸਣ) ਕਰ ਕੇ, (ਆਸਣ) ਲਾ ਕੇ/ਜਮਾ ਕੇ; (ਵਿਆਪਕ) ਹੋ ਕੇ।

ਪੂਰਬ ਪੂਰਣ ਕਿਰਦੰਤ (ਕਿਰਿਆ ਵਿਸ਼ੇਸ਼ਣ) ।

ਪੁਰਾਤਨ ਪੰਜਾਬੀ/ਅਪਭ੍ਰੰਸ਼ - ਕਰਿ (ਕਰ ਕੇ); ਪ੍ਰਾਕ੍ਰਿਤ - ਕਰਿਇ; ਸੰਸਕ੍ਰਿਤ - ਕਰੋਤਿ (करोति - ਕਰਦਾ ਹੈ)।

ਆਸਣੁ = ਆਸਣ, ਬੈਠਣ ਦਾ ਅਸਥਾਨ; ਵਿਆਪਕ (ਹੋ ਕੇ)।

---

[83] 'ਸਾਜਿਓ' ਅਤੇ 'ਰਚਿਓ' ਸਮ-ਅਰਥੀ ਹਨ। ਪ੍ਰਾਕ੍ਰਿਤ ਅਤੇ ਬ੍ਰਜ ਸਾਹਿਤ ਵਿਚ ਵੀ ਇਸ ਤਰ੍ਹਾਂ ਦੀਆਂ ਕਿਰਿਆਵਾਂ ਬਹੁਤ ਪ੍ਰਚਲਤ ਸਨ/ਹਨ। ਗੁਰੂ ਤੇਗਬਹਾਦਰ ਸਾਹਿਬ ਦੀ ਬਾਣੀ ਵਿਚ ਤਾਂ ਇਸ ਤਰ੍ਹਾਂ ਦੇ ਕਿਰਿਆ (ਕਿਰਦੰਤ) ਬਹੁਤ ਹਨ।

[84] ਗੁਰੂ ਗ੍ਰੰਥ ਸਾਹਿਬ ਵਿਚ 'ਕੁਦਰਤਿ' ਸ਼ਬਦ ਦੀ ਵਰਤੋਂ ਇਸਤਰੀ ਲਿੰਗ ਵਿਚ ਹੋਣ ਕਾਰਣ, ਇਹ ਸਿਹਾਰੀ ਨਾਲ ਹੀ ਆਉਂਦਾ ਹੈ। ਜਿਹੜੇ ਇਸਤਰੀ ਲਿੰਗ ਨਾਂਵ ਅਰਬੀ ਤੋਂ ਆਏ ਹਨ ਅਤੇ ਜਿੰਨ੍ਹਾਂ ਦੇ ਅੰਤ 'ਤ' ਹੈ, ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਆਮੂਮਨ ਸਿਹਾਰੀ ਸਹਿਤ ਅੰਕਤ ਕੀਤਾ ਗਿਆ ਹੈ, ਜਿਵੇਂ ਕਿ: ਹਿਕਮਤਿ, ਹੁਜਤਿ, ਸਿਫਤਿ, ਗੈਰਤਿ, ਮੁਹਲਤਿ, ਕਰਾਮਾਤਿ, ਆਦਿ।

ਨਾਂਵ, ਕਰਮ ਕਾਰਕ; ਪੁਲਿੰਗ, ਇਕਵਚਨ।

ਸਿੰਧੀ - ਆਸਣੁ (ਬੈਠਣ ਵਾਲਾ ਕਪੜਾ, ਆਸਣ); ਪ੍ਰਾਕ੍ਰਿਤ - ਆਸਣ; ਪਾਲੀ - ਆਸਨ/ਆਸਨਕ (ਆਸਣ); ਸੰਸਕ੍ਰਿਤ - ਆਸਨ (आसन - ਬੈਠਣਾ, ਆਸਣ)।

ਡਿਠੋ = ਡਿਠਾ, ਦੇਖਿਆ।

ਕਿਰਿਆ, ਭੂਤ ਕਾਲ; ਮਧਮ ਪੁਰਖ, ਪੁਲਿੰਗ, ਇਕਵਚਨ।

ਸਿੰਧੀ - ਡਿਠੋ (ਦੇਖਿਆ); ਅਪਭ੍ਰੰਸ਼ - ਦਿਟ੍ਠ; ਪ੍ਰਾਕ੍ਰਿਤ - ਦਿਟ੍ਠ/ਦੇਟ੍ਠ; ਪਾਲੀ - ਦਿਟ੍ਠ; ਸੰਸਕ੍ਰਿਤ - ਦ੍ਰਿਸ਼ਟ (दृष्ट - ਦੇਖਿਆ)।

ਚਾਉ = ਚਾਉ (ਕਰਕੇ), ਉਤਸ਼ਾਹ (ਧਾਰਨ ਕਰ ਕੇ); ਚਾਅ ਨਾਲ।[85]

ਨਾਂਵ, ਕਰਮ ਕਾਰਕ; ਪੁਲਿੰਗ, ਇਕਵਚਨ।

ਪੁਰਾਤਨ ਅਵਧੀ - ਚਾਉ (ਪ੍ਰਬਲ ਇਛਾ); ਲਹਿੰਦੀ - ਚਾਹ (ਇਛਾ); ਸਿੰਧੀ - ਚਾਹੁ (ਇਛਾ, ਪਿਆਰ); ਅਪਭ੍ਰੰਸ਼ - ਚਾਹਇ (ਚਾਹੁੰਦਾ ਹੈ, ਇਛਾ ਕਰਦਾ ਹੈ); ਪ੍ਰਾਕ੍ਰਿਤ - ਚਾਹਇ (ਇੱਛਾ ਕਰਦਾ ਹੈ, ਉਮੀਦ ਕਰਦਾ ਹੈ, ਪੁੱਛਦਾ ਹੈ); ਸੰਸਕ੍ਰਿਤ - ਚਾਹ (चाह - ਦੇਖਣਾ, ਢੂੰਡਣਾ, ਇਛਾ ਕਰਨੀ)।

ਦਾਤਾ = ਦੇਣ ਵਾਲਾ, ਦਾਤਾਰ।

ਵਿਸ਼ੇਸ਼ਣ (ਆਪਿ ਤੂੰ ਦਾ), ਕਰਤਾ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ਼ - ਦਾਤਾ; ਸੰਸਕ੍ਰਿਤ - ਦਾਤਾ/ਦਾਤ੍ਰਿ (दाता/दातृ - ਦੇਣ ਵਾਲਾ)।

ਕਰਤਾ = ਕਰਣਹਾਰ, ਸਿਰਜਣਹਾਰ/ਰਚਣਹਾਰ।

ਵਿਸ਼ੇਸ਼ਣ (ਆਪਿ ਤੂੰ ਦਾ), ਕਰਤਾ ਕਾਰਕ; ਪੁਲਿੰਗ, ਇਕਵਚਨ।

ਅਪਭ੍ਰੰਸ਼ - ਕਰਤਾ; ਸੰਸਕ੍ਰਿਤ - ਕਰ੍ਤ੍ਤਾ (कर्ता - ਕਰਨ ਵਾਲਾ)।

ਆਪਿ = ਆਪ ਹੀ।

ਪੜਨਾਂਵ, ਕਰਤਾ ਕਾਰਕ; ਮਧਮ ਪੁਰਖ, ਪੁਲਿੰਗ, ਇਕਵਚਨ।

ਅਪਭ੍ਰੰਸ਼ - ਆਪ/ਆਪੁ/ਆਪਿ; ਪ੍ਰਾਕ੍ਰਿਤ - ਆਤਾ/ਆਯਾ/ਅੱਤਣ; ਅੱਪਾ/ਅੱਪਣ; ਪਾਲੀ - ਅੱਤਨ (ਸਵੈ); ਸੰਸਕ੍ਰਿਤ - ਆਤ੍ਮਨ੍ (आत्मन् - ਸਾਹ, ਆਤਮਾ; ਰਿਗਵੇਦ - ਸਵੈ)।

ਤੂੰ = ਤੂੰ।

ਪੜਨਾਂਵ, ਕਰਤਾ ਕਾਰਕ; ਮਧਮ ਪੁਰਖ, ਪੁਲਿੰਗ, ਇਕਵਚਨ।

ਅਪਭ੍ਰੰਸ਼ - ਤੁੂੰ; ਪ੍ਰਾਕ੍ਰਿਤ - ਤੁਮ; ਸੰਸਕ੍ਰਿਤ - ਤਵਮ੍ (त्वम् - ਤੂੰ, ਤੇਰਾ)।

ਤੁਸਿ = ਤੁੱਸ ਕੇ, ਤਰੁੱਠ ਕੇ, ਖੁਸ਼ ਹੋ ਕੇ।

---

[85] ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ ਕਰਿ ਬਿਚਿਤਿ ਚਾਓ ॥ -ਗੁਰੂ ਗ੍ਰੰਥ ਸਾਹਿਬ ੧੪੦੧

ਪੂਰਬ ਪੂਰਣ ਕਿਰਦੰਤ (ਕਿਰਿਆ ਵਿਸ਼ੇਸ਼ਣ) ।

ਸਿੰਧੀ - ਤੁਸਣੁ (ਖੁਸ਼ ਹੋਣਾ); ਅਪਭ੍ਰੰਸ਼/ਪ੍ਰਾਕ੍ਰਿਤ - ਤੁੱਸਇ/ਤੂੱਸਇ; ਪਾਲੀ - ਤੁੱਸਤਿ (ਸੰਤੁਸ਼ਟ ਹੈ, ਖੁਸ਼ ਹੈ); ਸੰਸਕ੍ਰਿਤ - ਤੁਸ਼ਯਤਿ (तुष्यति - ਸ਼ਾਂਤ ਹੁੰਦਾ ਹੈ, ਸੰਤੁਸ਼ਟ ਹੈ, ਖੁਸ਼ ਹੈ)।

ਦੇਵਹਿ = (ਤੂੰ) ਦੇਂਦਾ ਹੈਂ।

ਕਿਰਿਆ, ਵਰਤਮਾਨ ਕਾਲ; ਮਧਮ ਪੁਰਖ, ਪੁਲਿੰਗ, ਇਕਵਚਨ।

ਬ੍ਰਜ - ਦੇਵਏ; ਅਪਭ੍ਰੰਸ਼ - ਦੇਉਇ; ਪ੍ਰਾਕ੍ਰਿਤ - ਦਇਈ; ਸੰਸਕ੍ਰਿਤ - ਦਦਾਤਿ (ददाति - ਦਿੰਦਾ ਹੈ)।

ਕਰਹਿ = (ਤੂੰ) ਕਰਦਾ ਹੈਂ।

ਕਿਰਿਆ, ਵਰਤਮਾਨ ਕਾਲ; ਮਧਮ ਪੁਰਖ, ਪੁਲਿੰਗ, ਇਕਵਚਨ।

ਅਪਭ੍ਰੰਸ਼ - ਕਰਹਿ/ਕਰਇ; ਪ੍ਰਾਕ੍ਰਿਤ - ਕਰਿਇ; ਸੰਸਕ੍ਰਿਤ - ਕਰੋਤਿ (करोति - ਕਰਦਾ ਹੈ)।

ਪਸਾਉ = (੧) ਪ੍ਰਸਾਦ, ਕਿਰਪਾ[86] (੨) ਪਸਾਰਾ।

ਨਾਂਵ, ਕਰਮ ਕਾਰਕ; ਪੁਲਿੰਗ, ਇਕਵਚਨ।

(੧) ਅਪਭ੍ਰੰਸ਼ - ਪਸਾਉ; ਪ੍ਰਾਕ੍ਰਿਤ - ਪਸਾਯ; ਸੰਸਕ੍ਰਿਤ - ਪ੍ਰਸਾਦਹ (प्रसादः - ਕਿਰਪਾ)।

(੨) ਸੰਸਕ੍ਰਿਤ - ਪਸਾਰ (पसार - ਫੈਲਾਅ, ਵਾਧਾ)।

ਤੂੰ = ਤੂੰ।

ਪੜਨਾਂਵ, ਕਰਤਾ ਕਾਰਕ; ਮਧਮ ਪੁਰਖ, ਪੁਲਿੰਗ, ਇਕਵਚਨ।

ਅਪਭ੍ਰੰਸ਼ - ਤੂੰ; ਪ੍ਰਾਕ੍ਰਿਤ - ਤੁਮ; ਸੰਸਕ੍ਰਿਤ - ਤਵਮ੍ (त्वम् - ਤੂੰ, ਤੇਰਾ)।

ਜਾਣੋਈ = ਜਾਣਨਹਾਰ ਹੈਂ, ਜਾਣਨ ਵਾਲਾ ਹੈਂ।

ਕਰਤਰੀ ਵਾਚਕ ਕਿਰਦੰਤ (ਵਿਸ਼ੇਸ਼ਣ ਤੂੰ ਦਾ), ਕਰਤਾ ਕਾਰਕ; ਪੁਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਜਾਣੋਈ; ਅਪਭ੍ਰੰਸ਼ - ਜਾਣੁਇ; ਪ੍ਰਾਕ੍ਰਿਤ - ਜਾਣਇ; ਸੰਸਕ੍ਰਿਤ - ਜਾਨਾਤਿ (जानाति - ਜਾਣਦਾ ਹੈ)।

ਸਭਸੈ = ਸਭਸ ਦਾ, ਸਾਰਿਆਂ ਦਾ।

ਪੜਨਾਂਵ, ਸੰਬੰਧ ਕਾਰਕ; ਅਨ ਪੁਰਖ, ਪੁਲਿੰਗ, ਬਹੁਵਚਨ।

ਬ੍ਰਜ - ਸਭਸੇ; ਅਪਭ੍ਰੰਸ਼ - ਸਭਾਸੈ/ਸੱਭ; ਪ੍ਰਾਕ੍ਰਿਤ - ਸੱਵ/ਸੱਬ; ਸੰਸਕ੍ਰਿਤ - ਸਰਵ (सर्व - ਸਭ, ਹਰ ਕੋਈ)।

ਦੇ = ਦੇ ਕੇ।

ਪੂਰਬ ਪੂਰਣ ਕਿਰਦੰਤ (ਕਿਰਿਆ ਵਿਸ਼ੇਸ਼ਣ) ।

---

[86] ਪਸਾਇ (ਪਸਾਉ - ਪ੍ਰਸਾਦ ਅਥਵਾ ਕਿਰਪਾ ਦੁਆਰਾ): ਧਨਿ ਸਤਿਗੁਰੁ ਸੇਵਿਓ ਜਿਸੁ ਪਸਾਇ ਗਤਿ ਅਗਮ ਜਾਣੀ ॥ -ਗੁਰੂ ਗ੍ਰੰਥ ਸਾਹਿਬ ੧੩੯੩

ਪੁਰਾਤਨ ਪੰਜਾਬੀ/ਬ੍ਰਜ - ਦੇ; ਅਪਭ੍ਰੰਸ਼ - ਦੇਇ (ਦੇ ਕੇ); ਪ੍ਰਾਕ੍ਰਿਤ - ਦੇਇ; ਪਾਲੀ - ਦਦਾਤਿ; ਸੰਸਕ੍ਰਿਤ - ਦਦਾਤਿ (ददाति - ਦਿੰਦਾ ਹੈ)।

ਲੈਸਹਿ = (ਤੂੰ) ਲੈ ਲੈਂਦਾ ਹੈਂ।

ਕਿਰਿਆ, ਵਰਤਮਾਨ ਕਾਲ; ਮਧਮ ਪੁਰਖ, ਪੁਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਲੈਸਹਿ; ਅਪਭ੍ਰੰਸ਼ - ਲੇਸਇ (ਲਵੇਗਾ); ਪ੍ਰਾਕ੍ਰਿਤ - ਲਹਇ/ਲਹੇਇ/ਲਭਇ (ਲੈਂਦਾ ਹੈ); ਪਾਲੀ - ਲਭਤਿ (ਪ੍ਰਾਪਤ ਕਰਦਾ ਹੈ); ਸੰਸਕ੍ਰਿਤ - ਲਭਤੇ (लभते - ਫੜਦਾ ਹੈ, ਲੈਂਦਾ ਹੈ)।

ਜਿੰਦੁ[87] = ਜਿੰਦ/ਜਾਨ, ਜੀਵਨ ਸੱਤਾ।

ਨਾਂਵ, ਕਰਮ ਕਾਰਕ; ਇਸਤਰੀ ਲਿੰਗ, ਇਕਵਚਨ ।

ਸਿੰਧੀ - ਜਿੰਦੁ; ਫ਼ਾਰਸੀ - ਜ਼ਿੰਦ (ਰੂਹ, ਜਿੰਦੜੀ)।

ਕਵਾਉ[88] = ਬੋਲ, ਹੁਕਮ।

ਨਾਂਵ, ਕਰਮ ਕਾਰਕ; ਪੁਲਿੰਗ, ਇਕਵਚਨ।

ਪੁਰਾਤਨ ਪੰਜਾਬੀ - ਕਵਾਉ/ਕੁਆਉ; ਲਹਿੰਦੀ - ਕੋ (ਰੌਲਾ), ਕੁਆਵਣ (ਸੱਦਣਾ/ਬੁਲਾਉਣਾ); ਪ੍ਰਾਕ੍ਰਿਤ - ਕਵਾ (ਬੋਲਣਾ), ਕਵਇ (ਰੌਲਾ ਪਾਉਂਦਾ ਹੈ); ਸੰਸਕ੍ਰਿਤ - ਕਵਾ (कवा - ਚੀਕ), ਕਵਤੇ (कवते - ਚੀਕ ਮਾਰਦਾ ਹੈ/ਪੁਕਾਰਦਾ ਹੈ)।

ਕਰਿ = (ਆਸਣ) ਕਰ ਕੇ, (ਆਸਣ) ਲਾ ਕੇ/ਜਮਾ ਕੇ; (ਵਿਆਪਕ) ਹੋ ਕੇ।

ਪੂਰਬ ਪੂਰਣ ਕਿਰਦੰਤ (ਕਿਰਿਆ ਵਿਸ਼ੇਸ਼ਣ) ।

ਪੁਰਾਤਨ ਪੰਜਾਬੀ/ਅਪਭ੍ਰੰਸ਼ - ਕਰਿ (ਕਰ ਕੇ); ਪ੍ਰਾਕ੍ਰਿਤ - ਕਰਿਇ; ਸੰਸਕ੍ਰਿਤ - ਕਰੋਤਿ (करोति - ਕਰਦਾ ਹੈ)।

ਆਸਣੁ = ਆਸਣ, ਬੈਠਣ ਦਾ ਅਸਥਾਨ; ਵਿਆਪਕ (ਹੋ ਕੇ)।

ਨਾਂਵ, ਕਰਮ ਕਾਰਕ; ਪੁਲਿੰਗ, ਇਕਵਚਨ।

ਸਿੰਧੀ - ਆਸਣੁ (ਬੈਠਣ ਵਾਲਾ ਕਪੜਾ, ਆਸਣ); ਪ੍ਰਾਕ੍ਰਿਤ - ਆਸਣ; ਪਾਲੀ - ਆਸਨ/ਆਸਨਕ (ਆਸਣ); ਸੰਸਕ੍ਰਿਤ - ਆਸਨ (आसन - ਬੈਠਣਾ, ਆਸਣ)।

ਡਿਠੋ = ਡਿਠਾ, ਦੇਖਿਆ।

ਕਿਰਿਆ, ਭੂਤ ਕਾਲ; ਅਨ ਪੁਰਖ, ਪੁਲਿੰਗ, ਇਕਵਚਨ।

ਸਿੰਧੀ - ਡਿਠੋ (ਦੇਖਿਆ); ਅਪਭ੍ਰੰਸ਼ - ਦਿਟ੍ਠ; ਪ੍ਰਾਕ੍ਰਿਤ - ਦਟ੍ਠ/ਦਿਟ੍ਠ/ਦੇਟ੍ਠ; ਪਾਲੀ - ਦਿਟ੍ਠ; ਸੰਸਕ੍ਰਿਤ - ਦ੍ਰਿਸ਼੍ਰ (दृष्ट - ਦੇਖਿਆ)।

---

[87] ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਰੂਪ ਔਕੜ ਸਹਿਤ (ਜਿੰਦੁ) ਹੀ ਰਹਿੰਦਾ ਹੈ, ਪਰ ਨਾਲ ਸੰਬੰਧਕੀ ਪਦ ਆਉਣ 'ਤੇ 'ਜਿੰਦੁ' ਤੋਂ 'ਜਿੰਦੂ' ਹੋ ਜਾਂਦਾ ਹੈ।

[88] ਪੰਜਾਬੀ 'ਕੂਅਣਾ/ਕੂਣਾ' (ਬੋਲਣਾ) ਵੀ ਇਸ ਤੋਂ ਹੀ ਆਇਆ ਹੈ।

ਚਾਉ = ਚਾਉ (ਕਰਕੇ), ਉਤਸ਼ਾਹ (ਧਾਰਨ ਕਰ ਕੇ); ਚਾਅ ਨਾਲ।

ਨਾਂਵ, ਕਰਮ ਕਾਰਕ; ਪੁਲਿੰਗ, ਇਕਵਚਨ।

ਬ੍ਰਜ/ਅਪਭ੍ਰੰਸ਼ - ਚਾਉ; ਪ੍ਰਾਕ੍ਰਿਤ - ਚਾਹ; ਸੰਸਕ੍ਰਿਤ - ਇਚ੍ਸ਼ਾ (इच्छा - ਇੱਛਾ, ਰੁਚੀ)।

॥੧॥ = ਪਹਿਲੀ ਪਉੜੀ ਸੰਪੂਰਨ।

ਕਾਵਿਕ ਪਖ

ਇਸ ਪਉੜੀ ਵਿਚ ਇਕੋ ਜਿਹੀ ਸੰਰਚਨਾਤਮਕ ਬਣਤਰ ਅਤੇ ਵਿਆਕਰਣਕ ਰੂਪਾਕਾਰ ਵਾਲੇ ਸ਼ਬਦਾਂ ਦੀ ਵਰਤੋਂ ਇਕ ਖ਼ਾਸ ਨਾਦ-ਗਤ ਅਤੇ ਅਰਥ-ਗਤ ਸੁੰਦਰਤਾ ਉਤਪੰਨ ਕਰ ਰਹੀ ਹੈ।[89] ਪਹਿਲੀ ਤੁਕ ਵਿਚ 'ਸਾਜਿਓ', 'ਰਚਿਓ' ਅਤੇ ਤੀਜੀ-ਚਉਥੀ ਤੁਕ ਵਿਚ 'ਦੇਵਹਿ', 'ਕਰਹਿ' ਤੇ 'ਲੈਸਹਿ' ਸ਼ਬਦ ਇਕ ਪਾਸੇ ਪਉੜੀ ਵਿਚ ਇਕ ਵਿਸ਼ੇਸ਼ ਲੈਅ ਪੈਦਾ ਕਰ ਰਹੇ ਹਨ, ਤਾਂ ਦੂਜੇ ਪਾਸੇ, ਕਰਤਾਪੁਰਖ ਦੀਆਂ ਅਨੰਤ ਅਤੇ ਸਦੀਵੀ ਸ਼ਕਤੀਆਂ ਵੱਲ ਸੰਕੇਤ ਵੀ ਕਰ ਰਹੇ ਹਨ। "ਤੂੰ ਸਿਰਜਨਹਾਰ ਹੈਂ (ਸਾਜਿਓ), ਰਚੈਤਾ ਹੈਂ (ਰਚਿਓ), ਸਾਰੀਆਂ ਦਾਤਾਂ ਬਖਸ਼ਣ ਵਾਲਾ ਹੈਂ (ਦੇਵਹਿ), ਸ੍ਰਿਸਟੀ ਦਾ ਕਰਤਾ ਹੈਂ (ਕਰਹਿ), ਅਤੇ ਅੰਤ ਵਿਚ ਸਭ-ਕੁਝ ਵਾਪਸ ਵੀ ਲੈ ਲੈਂਦਾ ਹੈਂ (ਲੈਸਹਿ)।" ਇਨ੍ਹਾਂ ਸ਼ਬਦਾਂ ਰਾਹੀਂ ਕਰਤਾਪੁਰਖ ਦੀਆਂ ਅਸੀਮ ਅਤੇ ਵਿਆਪਕ ਸ਼ਕਤੀਆਂ ਨੂੰ ਪ੍ਰਗਟਾਇਆ ਗਿਆ ਹੈ।

ਤੀਜੀ ਅਤੇ ਚਉਥੀ ਤੁਕ ਵਿਚ 'ਪਸਾਉ' ਅਤੇ 'ਕਵਾਉ' ਦੀ ਵਰਤੋਂ ਹੈ, ਜੋ ਪ੍ਰਭੂ ਦੀਆਂ ਦੋ ਹੋਰ ਸ਼ਕਤੀਆਂ 'ਕਿਰਪਾ/ਪਸਾਰਾ ਕਰਨਾ' ਅਤੇ 'ਹੁਕਮ ਦੇਣਾ' ਵੱਲ ਇਸ਼ਾਰਾ ਹੈ। ਪਹਿਲੀ ਅਤੇ ਦੂਜੀ ਤੁਕ ਵਿਚ 'ਨਾਉ' ਅਤੇ 'ਚਾਉ' ਦਾ ਪ੍ਰਯੋਗ ਵੀ ਪ੍ਰਭੂ ਦੇ 'ਨਾਮ' ਅਤੇ ਆਪਣੀ ਰਚੀ ਸ੍ਰਿਸ਼ਟੀ ਪ੍ਰਤੀ ਉਸ ਦੇ 'ਚਾਅ' ਨੂੰ ਪ੍ਰਗਟ ਕਰਦਾ ਹੈ।

ਤੀਜੀ ਤੁਕ ਦੇ ਪਹਿਲੇ ਅੱਧ ਵਿਚ 'ਦਾਤਾ' ਅਤੇ 'ਕਰਤਾ' ਸ਼ਬਦ ਵਰਤੇ ਗਏ ਹਨ ਤੇ ਉਸੇ ਕ੍ਰਮ ਵਿਚ ਇਸ ਦੇ ਦੂਜੇ ਅੱਧ ਵਿਚ ਇਨ੍ਹਾਂ ਨਾਲ ਸੰਬੰਧਤ ਦੋ ਕਿਰਿਆਵਾਂ 'ਦੇਵਹਿ' ਅਤੇ 'ਕਰਹਿ' ਦਾ ਪ੍ਰਯੋਗ ਵੀ ਵਿਸ਼ੇਸ਼ ਹੈ।[90] ਅਸਲ ਵਿਚ ਇਹ ਸਾਰੇ ਸ਼ਬਦ ਪ੍ਰਭੂ ਦੀਆਂ ਵਿਲੱਖਣ ਸ਼ਕਤੀਆਂ ਨੂੰ ਪ੍ਰਗਟ ਕਰਦੇ ਹਨ। ਇਨ੍ਹਾਂ ਦੀ ਸਰੂਪ-ਗਤ ਸਮਾਨਤਾ ਪ੍ਰਭੂ ਦੀਆਂ ਇਨ੍ਹਾਂ ਸ਼ਕਤੀਆਂ ਦੀ ਇਕ-ਰੂਪਤਾ ਅਤੇ ਇਨ੍ਹਾਂ ਪ੍ਰਤੀ ਇਕਾਗਰ ਭਾਵ ਨੂੰ ਦਰਸਾਉਂਦੀ ਹੈ।

'ਕਰਿ ਆਸਣੁ ਡਿਠੋ ਚਾਉ' ਤੁਕ ਦਾ ਪ੍ਰਯੋਗ ਵੀ ਅਤਿਅੰਤ ਸਿਰਜਨਾਤਮਕ ਹੈ। ਕਰਤਾਪੁਰਖ ਨੂੰ ਆਪਣੀ ਰਚਨਾ ਪ੍ਰਤੀ ਲਗਾਵ ਹੈ ਅਤੇ ਉਹ ਰਚਨਾ ਵਿਚ ਬਿਰਾਜਮਾਨ ਹੋ ਕੇ ਬੜੇ ਚਾਅ ਨਾਲ ਇਸ ਦੇ ਸਾਰੇ ਕਾਰ-ਵਿਹਾਰ ਨੂੰ ਵੇਖ ਰਿਹਾ ਹੈ। ਇਥੇ ਇਕ ਸਹਿਜ ਉਕਤੀ ਰਾਹੀਂ ਪ੍ਰਭੂ ਵੱਲੋਂ ਕੁਦਰਤ ਵਿਚ ਹਾਜ਼ਰ-ਨਾਜ਼ਰ ਰਹਿਣ ਦੇ ਭਾਵ ਨੂੰ ਪ੍ਰਗਟਾਇਆ ਗਿਆ ਹੈ। 'ਕਿਸੇ ਹੋਰ ਉਕਤੀ ਰਾਹੀਂ ਕਿਸੇ ਹੋਰ ਭਾਵ ਨੂੰ ਪ੍ਰਗਟ ਕਰਨ ਕਾਰਣ' ਇਥੇ 'ਅਨਯੋਕਤੀ ਅਲੰਕਾਰ'[91] ਆਇਆ ਹੈ।

---

[89] ਸ਼ੈਲੀ ਵਿਗਿਆਨ ਵਿਚ ਇਸ ਭਾਸ਼ਾਈ ਮੁਹਾਰਤ ਨੂੰ ਰੂਪ ਪੱਧਰੀ ਸਮਾਨੰਤਰਤਾ ਕਿਹਾ ਜਾਂਦਾ ਹੈ।

[90] ਕਾਵਿ-ਸ਼ਾਸ਼ਤ੍ਰੀ ਦ੍ਰਿਸ਼ਟੀ ਤੋਂ ਅਜਿਹਾ ਪ੍ਰਯੋਗ 'ਯਥਾ ਸੰਖਯ ਅਲੰਕਾਰ' ਅਖਵਾਉਂਦਾ ਹੈ।

[91] ਜਦੋਂ ਕਿਸੇ ਉਕਤੀ ਜਾਂ ਕਥਨ ਦਾ ਭਾਵ-ਅਰਥ ਆਮ ਅਰਥ ਨਾਲੋਂ ਵੱਖਰਾ ਹੋਵੇ, ਤਾਂ ਉਥੇ ਅਨਯੋਕਤੀ ਅਲੰਕਾਰ ਹੁੰਦਾ ਹੈ।

ਪਉੜੀ ਦੇ ਅੰਤ ਵਿਚ ਇਸੇ ਤੁਕ ਦਾ ਦੂਜੀ ਵਾਰੀ ਪ੍ਰਯੋਗ ਹੋਇਆ ਹੈ।[92] ਇਸ ਦੁਹਰਾਉ ਰਾਹੀਂ ਇਹ ਦੁਬਾਰਾ ਸਪਸ਼ਟ ਕੀਤਾ ਗਿਆ ਹੈ ਕਿ ਪ੍ਰਭੂ ਹੀ ਸ੍ਰਿਸ਼ਟੀ ਦਾ ਸਿਰਜਕ ਹੈ, ਉਹ ਸਾਰੀ ਕੁਦਰਤ ਵਿਚ ਸਮਾਇਆ ਹੋਇਆ ਹੈ ਅਤੇ ਸ੍ਰਿਸ਼ਟੀ ਦਾ ਸਾਰਾ ਸਿਲਸਿਲਾ ਉਸ ਦੇ ਹੁਕਮ ਅਧੀਨ ਹੀ ਚਲਦਾ ਹੈ।

ਇਸ ਪਉੜੀ ਦਾ ਮਾਤਰਾ ਵਿਧਾਨ ੧੪+੧੩ (ਪਹਿਲੀ ਤੁਕ), ੧੩+੧੩ (ਦੂਜੀ ਤੁਕ), ੧੩+੧੩ (ਤੀਜੀ ਤੁਕ), ੧੩+੧੩ (ਚਉਥੀ ਤੁਕ) ਹੈ। ਪੰਜਵੀ ਤੁਕ ਵਿਚ ੧੩ ਮਾਤਰਾਵਾਂ ਹਨ।

---

[92] ਇਹ ਵਿਉਂਤ ਵਾਕ ਪੱਧਰੀ ਸਮਾਨੰਤਰਤਾ ਅਖਵਾਉਂਦੀ ਹੈ।